
Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਜਨਵਰੀ 2018 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਅਤੇ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਵੱਲੋਂ ਚਾਲੀ ਮੁਕਤਿਆਂ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥



ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ ...

# (ਸ੍ਰੀ ਮੁਕਤਸਰ ਸਾਹਿਬ ਦੇ ਸ਼ਹੀਦ)
# ਚਾਲੀ ਮੁਕਤੇ



ਗੁਰੂ ਦਸਮ ਪਾਤਸ਼ਾਹ ਦੇ ਜੀਵਨ ਦੀ ਇਕ ਅਹਿਮ ਘਟਨਾਂ ਸਮੇਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹਾੜੀ ਰਾਜਿਆਂ, ਲਾਹੌਰ, ਸਰਹਿੰਦ ਤੇ ਦਿੱਲੀ ਦੀਆਂ ਸ਼ਾਹੀ ਫੌਜਾਂ ਦੇ ਟਿੱਡੀ ਦਲਾਂ ਨੇ ਮਿਲ ਕੇ ਘੇਰਾ ਪਾਇਆ ਹੋਇਆ ਸੀ। ਦਸਵੇਂ ਪਾਤਸ਼ਾਹ ਨੇ ਕਈ ਵਾਰ ਦੁਸ਼ਮਣਾਂ ਨੂੰ ਜੰਗ ਦੇ ਮੈਦਾਨ ਵਿੱਚ ਸ਼ਿਕਸਤ ਦਿੱਤੀ ਸੀ। ਪਰ ਇਸ ਵਾਰ ਦੁਸ਼ਮਣਾਂ ਨੇ ਲੜਾਈ ਲੜਨ ਦਾ ਅਜੀਬ ਢੰਗ ਵਰਤਿਆ ਇਹ ਢੰਗ ਸੀ ਸਖਤ ਤੇ ਲੰਮੇਰਾ ਘੇਰਾ। ਕਿਲ੍ਹੇ ਅੰਦਰ ਰਾਸ਼ਨ ਪਾਣੀ ਮੁੱਕਦਾ ਜਾ ਰਿਹਾ ਸੀ। ਭੁੱਖੇ ਸਿੱਖ ਲੜਨ ਤੋਂ ਅਸਮਰਥ ਹੋ ਰਹੇ ਸਨ। ਘੇਰਾ ਸਖਤ ਤੇ ਲੰਮਾ ਹੋਣ ਕਰਕੇ ਅਨਾਜ ਪਾਣੀ ਖਤਮ ਹੋਣ ਦੇ ਨਾਲ-ਨਾਲ ਪਸ਼ੂਆਂ ਦੇ ਚਾਰੇ ਲਈ ਵੀ ਭਾਰੀ ਕਿੱਲਤ ਆ ਗਈ ਸੀ। ਦੁਸ਼ਮਣਾਂ ਨੇ ਵਾਰ-ਵਾਰ ਢੰਡੋਰਾ ਪਿੱਟਿਆ ਕਿ ਕੋਈ ਸਿੱਖ ਖਾਲੀ ਹੱਥ ਜਾਣਾ ਚਾਹੇ ਤਾਂ ਜਾ ਸਕਦਾ ਹੈ, ਪਰ ਕੋਈ ਵੀ ਸਿੱਖ ਸਿੱਖੀ ਸਦਕਾ ਤੋਂ ਨਾ ਡੋਲਿਆ। ਗੁਰੂ ਜੀ ਨੇ ਪੰਚ-ਪ੍ਰਧਾਨੀ ਸਿਧਾਂਤ ਸਥਾਪਿਤ ਕੀਤੇ, ਜਿਸ ਕਰਕੇ ਕੋਈ ਵੀ ਸਿੱਖ ਨਿਡਰ ਹੋ ਕੇ ਗੁਰੂ ਜੀ ਨੂੰ ਆਪਣਾਂ ਸਲਾਹ-ਮਸ਼ਵਰਾ ਦੇ ਸਕਦਾ ਸੀ। ਕਈਆਂ ਨੇ ਕਿਹਾ, ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਹਰ ਇਕ ਨੇ ਆਪਣੀ ਸਮਝ ਮੁਤਾਬਕ ਸਲਾਹ ਦਿੱਤੀ। ਗੁਰੂ ਜੀ ਨੇ ਸਿੱਖਾਂ ਨੂੰ ਦੇਖੋ ਤੇ ਉਡੀਕ ਕਰੋ ਦੀ ਨੀਤੀ ਤੇ ਚੱਲਣ ਲਈ ਕਿਹਾ। ਇਸ ਸਮੇਂ ਕੁਝ ਸਿੰਘ ਗੁਰੂ ਜੀ ਦਾ ਸਾਥ ਛੱਡਣ ਲੱਗੇ। ਅਖੀਰ ਕੁਝ ਕੁ ਸਿੱਖਾਂ ਨੇ ਕਿਹਾ ਕਿ ਉਹ ਭੁੱਖੇ ਤਿਹਾਏ ਨਹੀਂ ਲੜ ਸਕਦੇ ਤੇ ਵਾਪਸ ਘਰਾਂ ਨੂੰ ਜਾਣਾ ਚਾਹੰਦੇ ਹਨ। ਗੁਰੂ ਜੀ ਨੇ ਕਿਹਾ ਕਿ ਜੇਕਰ ਘਰਾਂ ਨੂੰ ਜਾਣਾ ਚਾਹੁੰਦੇ ਹੋ ਤਾਂ ਲਿਖ ਕੇ ਦਿਉ ਕਿ 'ਗੁਰੂ ਗੋਬਿੰਦ ਸਿੰਘ ਸਾਡਾ ਗੁਰੂ ਨਹੀਂ ਤੇ ਅਸੀਂ ਉਸਦੇ ਸਿੱਖ ਨਹੀਂ" ਘਬਰਾਏ ਤੇ ਡੋਲੇ ਸਿੱਖਾਂ ਨੇ ਬੇਦਾਵਾ ਲਿਖ ਕੇ ਦੇ ਦਿੱਤਾ ਤੇ ਘਰਾਂ ਨੂੰ ਚਾਲੇ ਪਾ ਦਿੱਤੇ। ਇਤਿਹਾਸ ਵਿਚ ਇਨ੍ਹਾਂ ਬੇਦਾਵਾ ਲਿਖਣ ਵਾਲੇ ਸਿੱਖਾਂ ਨੂੰ ਬੇਦਾਵਈਏ ਕਿਹਾ ਜਾਂਦਾ ਹੈ। ਜਦੋਂ ਉਹ ਆਪਣੇ ਘਰੀਂ ਪਹੁੰਚੇ ਤਾਂ ਘਰਦਿਆਂ ਨੇ ਬੂਹੇ ਨਾ ਟੱਪਣ ਦਿੱਤੇ। ਘਰਾਂ ਤੋ ਫਿਟਕਾਰਿਆਂ ਨੂੰ ਮਾਤਾ ਭਾਗੋ ਜੀ ਵਾਪਸ ਗੁਰੂ ਚਰਨਾਂ ਵਿਚ ਲੈ ਤੁਰੀ। ਓਧਰ ਸ਼ਾਹੀ ਫੌਜਾਂ ਗੁਰੂ ਜੀ ਦਾ ਪਿੱਛਾ ਕਰਦੀਆਂ ਫਿਰਦੀਆਂ ਸਨ। ਇਨ੍ਹਾਂ ਫੌਜਾਂ ਦੇ ਪਿੱਛਾ ਕਰਦੇ ਤੁਰੇ ਆਉਣ ਦੀ ਇਨ੍ਹਾਂ ਬੇਦਾਵੀਆਂ ਸਿੰਘਾਂ ਨੂੰ ਭਿਣਕ ਪੈ ਗਈ। ਖਿਦਰਾਣੇ ਦੀ ਢਾਬ ਦੇ ਕੰਢੇ ਇਨ੍ਹਾਂ ਨੇ ਤੁਰੀ ਆਉਂਦੀ ਵੈਰੀ ਫੌਜ ਨੂੰ ਰਸਤੇ ਵਿਚ ਰੋਕਣ ਦਾ ਫੈਸਲਾ ਕਰ ਲਿਆ। ਯੁੱਧ ਨੀਤੀ ਅਪਣਾਉਂਦਿਆਂ ਕੱਪੜੇ ਤੇ ਚਾਦਰਾਂ ਆਦਿ ਬਿਰਛਾਂ ਉੱਤੇ ਪਾ ਦਿੱਤੀਆਂ। ਦੂਰੋਂ ਇਉਂ ਜਾਪਣ ਲੱਗਾ, ਜਿਵੇਂ ਕੋਈ ਫੌਜ ਉੱਥੇ ਤੰਬੂ ਤਾਣ ਕੇ ਡੇਰੇ ਲਾਈ ਬੈਠੀ ਹੋਵੇ। ਆਪ ਉਹ ਐਸੇ ਟਿਕਾਣੇ ਮੱਲ ਕੇ ਬੈਠ ਗਏ ਜਿੱਥੋਂ ਆ ਰਹੀ ਫੌਜ ਉੱਤੇ ਪੂਰੇ ਜਾਹੋ-ਜਲਾਲ ਨਾਲ ਹਮਲਾ ਕਰ ਸਕਣ। ਵੈਰੀਆਂ ਦੀ ਵਹੀਰ ਆਈ, ਪਰ ਸਿੰਘਾਂ ਦੇ ਹੱਲੇ ਅੱਗੇ ਕੁਝ ਖਤਮ ਹੋ ਗਈ ਤੇ ਕੁਝ ਤਿੱਤਰ-ਬਿੱਤਰ ਹੋ ਗਈ ਪਰ ਇਹ ਚਾਲੀ ਦੇ ਚਾਲੀ ਬੇਦਾਵੀਏ ਸਿੰਘ ਵੀ ਗੁਰੂ ਦੀ ਖਾਤਰ ਸ਼ਹੀਦ ਹੋ ਗਏ। ਮਾਤਾ ਭਾਗੋ ਜੀ ਵੀ ਇਸ ਯੁੱਧ ਵਿੱਚ ਗੰਭੀਰ ਜ਼ਖਮੀ ਹੋਏ¢ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਯੁੱਧ ਦੌਰਾਨ ਸਿੰਘਾਂ ਦੀ ਮਦਦ ਲਈ ਉਚੇਰੀ ਥਾਂ ਤੋਂ ਤੀਰ ਚਲਾਉਂਦੇ ਰਹੇ। ਯੁੱਧ ਸਮਾਪਤੀ ਉਪਰੰਤ ਗੁਰੂ ਸਾਹਿਬ ਸਿੰਘਾਂ ਨੂੰ ਖਿਤਾਬ ਦੇਣ ਲੱਗੇ। ਇਕ-ਇਕ ਦਾ ਸਿਰ ਉਨ੍ਹਾਂ ਆਪਣੀ ਗੋਦ ਵਿਚ ਲਿਆ ਤੇ ਮੱਥਾ ਚੁੰਮਦਿਆਂ ਖਿਤਾਬ ਦਿੱਤੇ, 'ਇਹ ਮੇਰਾ ਪੰਜ ਹਜ਼ਾਰੀ, ਇਹ ਮੇਰਾ ਦਸ ਹਜ਼ਾਰੀ, ਇਹ ਮੇਰਾ......' ਜਦ ਉਨ੍ਹਾਂ ਦੇ ਜਥੇਦਾਰ ਭਾਈ ਮਹਾਂ ਸਿੰਘ ਕੋਲ ਸਤਿਗੁਰੂ ਜੀ ਪਹੁੰਚੇ ਤਾਂ ਕੀ ਵੇਖਦੇ ਹਨ, ਉਸਦੇ ਪ੍ਰਾਣ ਅਜੇ ਚੱਲ ਰਹੇ ਹਨ। ਗੁਰੂ ਜੀ ਨੇ ਉਸ ਦਾ ਸਿਰ ਵੀ ਆਪਣੀ ਗੋਦ ਵਿਚ ਲਿਆ ਮੂੰਹ ਵਿਚ ਜਲ ਪਾਇਆ ਤਾਂ ਉਸਨੂੰ ਰਤਾ ਸੁਰਤ ਆਈ। ਤਦ ਗੁਰੂ ਜੀ ਨੇ ਉਸ ਦੇ ਮਸਤਕ ਤੇ ਹੱਥ ਫੇਰਿਆ ਤੇ ਅਸੀਸਾਂ ਦਿੰਦਿਆਂ ਉਸਦਾ ਨਾਮ ਪੁਕਾਰਿਆ। ਗੁਰੂ ਜੀ ਨੇ ਅਨੰਤ ਮੇਹਰ ਵਿਚ ਆ ਕੇ ਬਚਨ ਕੀਤਾ, 'ਭਾਈ ਮਹਾਂ ਸਿੰਘ ਜੀ, ਕੁੱਝ ਮੰਗ ਲਵੋ। ਅੱਜ ਜੋ ਮੰਗੋਗੇ ਮਿਲੇਗਾ' ਭਾਈ ਮਹਾਂ ਸਿੰਘ ਜੀ ਅੱਗੋਂ ਡਬ-ਡਬਾਉਂਦੀਆਂ ਅੱਖਾਂ ਨਾਲ ਮਤਿ ਮਾਸੂਮ ਸ਼ੁਕਰਾਨੇ ਵਿਚ ਬੋਲਿਆ, ਸੱਚੇ ਪਾਤਸ਼ਾਹ ਜੇ ਤੁੱਠੇ ਹੋ ਤਾਂ ਮਿਹਰ ਕਰੋ, ਸਾਡਾ ਲਿਖਿਆ ਬੇਦਾਵਾ ਪਾੜ ਦਿਓ। ਸਤਿਗੁਰੂ ਜੀ ਨੇ ਕਿਹਾ 'ਭਾਈ ਮਹਾਂ ਸਿੰਘ ਜੀ, ਕੁੱਝ ਹੋਰ ਵੀ ਮੰਗ ਲਓ', ਭਾਈ ਮਹਾਂ ਸਿੰਘ ਬੋਲੇ, 'ਦਾਤਾਰ ਪਾਤਸ਼ਾਹ! ਬਸ ਟੁੱਟੀ ਗੰਢ ਦਿਓ'। ਮਿਹਰਾਂ ਦੇ ਸਾਈਂ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਮਰਕੱਸੇ ਵਿਚ ਸਾਂਭਿਆ ਬੇਦਾਵਾ ਕੱਢਿਆ ਅਤੇ ਪਾੜ ਦਿੱਤਾ। ਭਾਈ ਮਹਾਂ ਸਿੰਘ ਨੇ ਸ਼ੁਕਰਾਨੇ ਵਿਚ ਸਤਿਗੁਰਾਂ ਦੇ ਚਰਨ ਚੁੰਮ ਲਏ ਤੇ ਫੇਰ ਮਿਹਰਬਾਨ ਸਤਿਗੁਰੂ ਦੀ ਗੋਦ ਵਿਚ ਹੀ ਪ੍ਰਾਣ ਤਿਆਗ ਦਿੱਤੇ। ਸਤਿਗੁਰਾਂ ਨੇ ਭਾਈ ਮਹਾਂ ਸਿੰਘ ਜੀ ਦੇ ਸ਼ਹੀਦੀ ਜੱਥੇ ਨੂੰ 'ਮੁਕਤਿਆਂ' ਦਾ ਖਿਤਾਬ ਦਿੱਤਾ।

ਅਜੋਕੇ ਸਮੇਂ ਵਿਚ ਸ਼ਹੀਦਾਂ ਦਾ ਇਹ ਦਰ ਸ੍ਰੀ ਮੁਕਤਸਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ ਜਿੱਥੇ ਹਰੇਕ ਸਿੱਖ ਨਤਮਸਤਕ ਹੋ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦਾ ਹੈ।

ਜਗੀਰ ਸਿੰਘ ਲਾਲੀਆ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ


**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh Ph.D.**
College Road, Begowal, Kapurthala, M.: 98724-66351
**Engineer Parminderjit Singh**
524, GMT Jalandhar, M.: 99153-57524
parminderjitsingh84@yahoo.com

**Outline-Editor**
**S. Joginder Singh Ajaib**, Jalandhar
M.: 98152-69145

**Advisors**
S. Naginder Singh, Mohali, Dy. Director (Retd.)
97800-36205
S. Jagtar Singh Multani Chief Er. (Retd.) Jal.
M.: 94172-15490



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ
ਫਰਵਰੀ - 12-2-2018 (ਸੋਮਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 71 | ਜਨਵਰੀ - 2018



| | | |
|---|---|---|
| 1. | ਭਗਤ ਰਵਿਦਾਸ ਜੀ | 4 |
| 2. | ਖਿਦਰਾਣੇ ਦੀ ਢਾਬ ਤੋਂ ਮੁਕਤਸਰ | 7 |
| 3. | ਝਾਲੀ ਰਾਣੀ | 9 |
| 4. | ਸ਼ਹੀਦ ਬਾਬਾ ਦੀਪ ਸਿੰਘ ਜੀ ਨਾਲ ਸਬੰਧਿਤ ਇਤਿਹਾਸਕ ਸਥਾਨ | 13 |
| 5. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 17 |
| 6. | ਲੋਭੀ ਤੇ ਆਲਸੀ ਮਨ | 19 |
| 7. | ਬਸੰਤ ਰੁੱਤ | 21 |
| 8. | ਕਾਰਬਨ ਡਾਈਆਕਸਾਈਡ | 22 |
| 9. | ਕੁਦਰਤ ਨਾਲ ਛੇੜ ਛਾੜ 'ਮਹਾਂਵਿਨਾਸ਼' | 23 |
| 10. | ਖੂਹ : ਲੋਕ ਜੀਵਨ ਦਾ ਹਿੱਸਾ | 24 |
| 11. | ਬੱਚਿਆਂ ਦਾ ਸੁਨਹਿਰੀ ਭਵਿੱਖ | 26 |
| 12. | ਸ਼ੋਕ ਸਮਾਚਾਰ | 27 |
| 13. | ਸ਼ੋਕ ਸਮਾਚਾਰ | 28 |
| 14. | ਕਾਵਿ-ਕਿਆਰੀ | 31 |
| 15. | ਸਿਹਤ ਸੰਭਾਲ | 33 |
| 16. | Punjab Police Recruitments | 34 |
| 17. | Your Healthiest and Happiest Year Ever tips... | 36 |
| 18. | Martimonial | 38 |
| 19. | ਦਾਨੀ ਸੱਜਣਾਂ ਦੀ ਸੂਚੀ | 40 |
| 20. | 2018 ਮੁਬਾਰਕ | 42 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

**ਭਗਤ ਰਵਿਦਾਸ ਜੀ ਦੇ 641ਵੇਂ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼''**

# ਭਗਤ ਰਵਿਦਾਸ ਜੀ



ਪੰਚਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਸੰਪਾਦਨਾ ਵੇਲੇ ਸਿੱਖ ਗੁਰੂ ਸਾਹਿਬਾਨ ਵੱਲੋਂ ਰਚੀ ਗਈ ਪਵਿੱਤਰ ਬਾਣੀ ਦੇ ਨਾਲ-ਨਾਲ ਪੰਦਰਾਂ ਭਗਤਾਂ ਦੀ ਬਾਣੀ ਨੂੰ ਵੀ ਇਸ ਮਹਾਨ ਗ੍ਰੰਥ ਵਿਚ ਸਥਾਨ ਦਿੱਤਾ। ਭਗਤਾਂ ਦੀ ਬਾਣੀ ਪੜ੍ਹਨ ਤੋਂ ਬਾਅਦ, ਗੁਰੂ ਸਾਹਿਬ ਦੀ ਸੰਪਾਦਨਾ ਦੇ ਬਹੁਤ ਹੀ ਉੱਚੇ ਪੱਧਰ ਦਾ ਗਿਆਨ ਹੁੰਦਾ ਹੈ। ਗੁਰੂ ਸਾਹਿਬ ਨੇ ਵੱਖ-ਵੱਖ ਭਗਤ ਲਿਖਾਰੀਆਂ ਦੀਆਂ ਰਚਨਾਵਾਂ ਵਿਚੋਂ ਜਿਨ੍ਹਾਂ ਭਗਤਾਂ ਦੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕਰਨ ਲਈ ਚੁਣਿਆ, ਉਨ੍ਹਾਂ ਦੀਆਂ ਰਚਨਾਵਾਂ ਬਹੁਤ ਹੀ ਉੱਚੇ ਅਧਿਆਤਮਕ ਪੱਧਰ ਦੀਆਂ, ਸਰਬ ਸ਼ਕਤੀਮਾਨ ਪ੍ਰਮਾਤਮਾ ਦੇ ਅਨੇਕਾਂ ਗੁਣਾਂ ਦੀ ਉਸਤਤਿ ਨਾਲ ਭਰਪੂਰ, ਕਿਸੇ ਜਾਤੀ ਜਾਂ ਮਨੁੱਖ ਦੇ ਖਿਲਾਫ ਨਾ ਹੋ ਕੇ, ਸਰਬੱਤ ਦਾ ਭਲਾ ਮੰਗਣ ਵਾਲੀਆਂ, ਕਾਵਿ-ਪੱਖ ਅਤੇ ਰਾਗ ਕਸਵੱਟੀ ਤੋਂ ਬਹੁਤ ਹੀ ਉਤਮ ਕ੍ਰਿਤਾਂ ਸਨ। ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਗੁਰੂਆਂ ਦੀਆਂ ਬਾਣੀਆਂ ਦੇ ਬਰਾਬਰ ਗੁਰਬਾਣੀ ਦਾ ਹੀ ਦਰਜਾ ਦੇ ਦਿੱਤਾ। ਇਨ੍ਹਾਂ 15 ਭਗਤਾਂ ਅਤੇ ਚਾਰ ਗੁਰਸਿੱਖਾਂ ਵਿਚੋਂ ਭਗਤ ਰਵਿਦਾਸ ਜੀ ਦਾ ਇਕ ਅਹਿਮ ਸਥਾਨ ਹੈ। ਭਗਤ ਰਵਿਦਾਸ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 40 ਸ਼ਬਦ ਦਰਜ ਹਨ। ਇਕ ਸ਼ਬਦ ਕੁਝ ਮਾਮੂਲੀ ਤਬਦੀਲੀ ਨਾਲ ਦੁਬਾਰਾ ਦਰਜ ਕੀਤਾ ਗਿਆ ਹੈ। ਜੇਕਰ ਇਸ ਨੂੰ ਵੱਖਰਾ ਗਿਣ ਲਿਆ ਜਾਵੇ ਤਾਂ ਦਰਜ ਸ਼ਬਦਾਂ ਦੀ ਗਿਣਤੀ 41 ਹੋ ਜਾਂਦੀ ਹੈ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਭਗਤ ਰਵਿਦਾਸ ਜੀ ਦਾ ਜਨਮ ਸੰਨ 1414 ਈ. ਵਿਚ ਮਾਘ ਦੀ ਪੂਰਨਮਾਸ਼ੀ ਨੂੰ ਸੰਮਤ ਵਿਕਰਮੀ 1471 ਨੂੰ ਕਾਂਸ਼ੀ ਸ਼ਹਿਰ (ਬਨਾਰਸ) ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਰਾਮੂ ਅਤੇ ਮਾਤਾ ਦਾ ਨਾਮ ਧੁਰਬਿਨੀਆ ਸੀ। ਰਾਮੂ ਤੇ ਧੁਰਬਿਨੀਆ ਜਾਤ ਦੇ ਚਮਾਰ ਸਨ। ਚਮੜੇ ਦਾ ਚੰਗਾ ਕਾਰੋਬਾਰ ਸੀ। ਬਚਪਨ ਤੋਂ ਹੀ ਭਗਤ ਰਵਿਦਾਸ ਜੀ ਦਾ ਬੜਾ ਗੰਭੀਰ ਸੁਭਾਅ ਸੀ। ਹਰ ਵੇਲੇ ਹਰਿ ਸਿਮਰਨ ਵਿਚ ਜੁੜੇ ਰਹਿੰਦੇ। ਗਰੀਬ ਤੇ ਲੋੜਵੰਦ ਨੂੰ ਜੋ ਕੁਝ ਕੋਲ ਹੁੰਦਾ ਦਾਨ ਕਰ ਦਿੰਦੇ। ਪਿਤਾ ਨੇ ਜ਼ਿੰਮੇਵਾਰੀ ਦਾ ਬੋਝ ਪਾਉਣ ਦੀ ਸੋਚ ਨਾਲ ਸ਼ਾਦੀ ਕਰਕੇ ਵੱਖਰਾ ਰਹਿਣ ਲਈ ਕਹਿ ਦਿੱਤਾ। ਵੱਖਰੀ ਕੱਖਾਂ ਦੀ ਛੰਨ ਬਣਾ ਲਈ। ਪਤਨੀ ਬੜੀ ਸੁਚੱਜੀ, ਸੁਸ਼ੀਲ ਤੇ ਪ੍ਰਭੂ ਦੀ ਉਸਤਤਿ ਦੀ ਸਮਝ ਰੱਖਣ ਵਾਲੀ ਸੀ। ਰਵਿਦਾਸ ਜੀ ਨੇ ਵੀ ਪਿਤਾ ਪੁਰਖੀ ਕੰਮ ਚਲਾਉਂਦਿਆਂ ਬਜ਼ਾਰੋਂ ਪੱਕੀ ਖੱਲ੍ਹ ਲਿਆ ਕੇ ਜੁੱਤੀਆ ਸਿਊਂਣ ਦਾ ਕੰਮ ਸ਼ੁਰੂ ਕਰ ਲਿਆ। ਪਤੀ ਪਤਨੀ ਦੇ ਦਾਨੀ ਸੁਭਾਅ ਨੇ ਉਨ੍ਹਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਕਈ-ਕਈ ਦਿਨ ਚੁੱਲ੍ਹੇ ਅੱਗ ਨਾ ਬਲਦੀ। ਦੋਵੇਂ ਜੀਅ ਭੁੱਖੇ ਹੀ ਰਾਮ ਭਗਤੀ ਕਰੀ ਜਾਂਦੇ। ਪ੍ਰਮਾਤਮਾ ਵੀ ਆਪਣੇ ਭਗਤ ਦਾ ਇਮਤਿਹਾਨ ਲੈ ਰਿਹਾ ਸੀ। ਜਿਸ ਦਿਨ ਪੈਸੇ, ਅੰਨ ਦੀ ਘਰ ਵਿਚ ਥੁੜ੍ਹ ਹੁੰਦੀ, ਉਸ ਦਿਨ ਹੀ ਕਿਸੇ ਨਾ ਕਿਸੇ ਸੰਤ ਨੂੰ ਰਵਿਦਾਸ ਦੇ ਘਰ ਜੋੜਾ ਮੰਗਣ ਲਈ ਭੇਜ ਦੇਣਾ। ਰਵਿਦਾਸ ਨੇ ਜੋ ਜੋੜਾ ਮਿਹਨਤ ਨਾਲ ਤਿਆਰ ਕੀਤਾ ਹੁੰਦਾ ਤੇ ਜਿਸ ਨੂੰ ਵੇਚ ਕੇ ਘਰ ਲਈ ਅੰਨ ਗੁੜ ਆਦਿ ਬਜ਼ਾਰੋਂ ਲਿਆਉਣਾ ਹੁੰਦਾ, ਉਹ ਹੀ ਜੋੜਾ ਸਾਧੂ ਨੂੰ ਦਾਨ ਕਰੀ ਜਾਂਦੇ। ਆਪ ਦੋਵੇਂ ਜੀਅ ਸਬਰ ਵਿਚ ਹੀ ਰਾਤ ਕੱਟ ਲੈਂਦੇ। ਗਰੀਬੀ ਨੱਕੋ-ਨੱਕ ਚੜ੍ਹ ਗਈ, ਤਨ ਦੇ ਕੱਪੜੇ ਵੀ ਪਾਟ ਗਏ।


ਜੇਕਰ ਪ੍ਰਮਾਤਮਾ ਆਪਣੇ ਭਗਤਾਂ ਦੀ ਪ੍ਰੀਖਿਆ ਲੈਂਦਾ ਹੈ ਤਾਂ ਸਮਾਂ ਆਉਣ 'ਤੇ ਉਨ੍ਹਾਂ ਨੂੰ ਇੱਜ਼ਤ ਤੇ ਉਸਤਤਿ ਨਾਲ ਮਾਲੋਮਾਲ ਵੀ ਕਰਦਾ ਹੈ। ਗੰਗਾ ਦੇ ਕਿਨਾਰੇ ਹੀ ਕਾਸ਼ੀ ਵਿਚ ਅਭੀਚ ਨਛੱਤਰ ਦੇ



ਪੁਰਬ 'ਤੇ ਲੱਖਾਂ ਨਰ-ਨਾਰੀਆਂ ਗੰਗਾਂ ਵਿਚ ਇਸ਼ਨਾਨ ਕਰਦੀਆਂ ਅਤੇ ਆਪਣੇ ਯਥਾ-ਸ਼ਕਤੀ ਮੁਤਾਬਕ ਵੱਧ ਤੋਂ ਵੱਧ ਗੰਗਾ ਮਾਤਾ ਨੂੰ ਦਾਨ ਕਰਦੀਆਂ। ਰਵਿਦਾਸ ਜੀ ਆਪਣੀ ਪਤਨੀ ਸਮੇਤ ਵੀ ਉਸ ਸਮੇਂ ਗੰਗਾ ਦੇ ਘਾਟ 'ਤੇ ਇਸ਼ਨਾਨ ਕਰਨ ਪਹੁੰਚੇ ਪਰ ਗੰਗਾ ਨੂੰ ਦਾਨ ਕਰਨ ਲਈ ਇਕ ਦਮੜੀ ਤੋਂ ਵੱਧ ਹੋਰ ਕੋਲ ਕੁਝ ਵੀ ਨਹੀਂ ਸੀ। ਸੰਸਾਰੀ ਜੀਵ ਗੰਗਾ ਵਿਚ ਆਪਣੀ ਦਾਨ ਰਾਸ਼ੀ, ਫੁੱਲ, ਪ੍ਰਸ਼ਾਦ ਭੇਟ ਕਰਕੇ ਖੁਸ਼ ਹੋ ਰਹੇ ਸਨ। ਰਵਿਦਾਸ ਜੀ ਨੇ ਥੋੜ੍ਹਾ ਝੁੱਕ ਕੇ ਆਪਣੇ ਪੱਲੇ ਵਿਚੋਂ ਦਮੜੀ ਕੱਢੀ ਤਾਂ ਇਕ ਕੌਤਿਕ ਵਾਪਰਿਆ। ਗੰਗਾ ਨਦੀ ਵਿਚੋਂ ਇਕ ਮਨੁੱਖੀ ਹੱਥ ਪ੍ਰਗਟ ਹੋਇਆ ਤੇ ਰਵਿਦਾਸ ਜੀ ਪਾਸੋਂ ਬੜੇ ਸਤਿਕਾਰ ਨਾਲ ਦਮੜੀ ਫੜ ਕੇ ਗੰਗਾ ਵਿਚ ਅਲੋਪ ਹੋ ਗਿਆ। ਧਨਾਢ ਲੋਕੀਂ ਵੇਖਦੇ ਹੀ ਰਹਿ ਗਏ। ਉਨ੍ਹਾਂ ਦੀ ਮਾਇਆ ਅਤੇ ਹਜ਼ਾਰਾਂ ਮਣਾਂ ਦੀ ਸਮੱਗਰੀ ਨੂੰ ਕਿਸੇ ਨੇ ਨਹੀਂ ਸੀ ਕਬੂਲਿਆ, ਪਰ ਰਵਿਦਾਸ ਚਮਾਰ ਦੀ ਦੱਮੜੀ ਲੈਣ ਲਈ ਗੰਗਾ ਨਦੀ ਨੇ ਮਨੁੱਖੀ ਸਰੂਪ ਅਪਣਾਇਆ।

ਇਸ ਸਾਖੀ ਨੂੰ ਭਾਈ ਗੁਰਦਾਸ ਜੀ ਵੀ ਬਿਆਨ ਕੀਤਾ ਹੈ:

***ਭਗਤ ਭਗਤ ਜਗਿ ਵਜਿਆ ਚਹੁ ਚੱਕਾਂ ਦੇ ਵਿਚਿ ਚਮਿਰੇਟਾ।***




***ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।***
***ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।***
***ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।***
***ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਸ ਕਰਿ ਗੰਗਾ ਥੇਟਾ।***
***ਕਢਿ ਕਸੀਰਾ ਸਉਪਿਆ ਰਵਿਦਾਸੈ, ਗੰਗਾ ਦੀ ਭੇਟਾ।***
***ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।***
***ਲਾਇਆਕ ਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।***
***ਭਗਤ ਜਨਾਂ ਹਰਿ ਮਾਂ ਪਿਉ ਬੇਟਾ॥੧੭॥***

***(ਭਾਈ ਗੁਰਦਾਸ ਜੀ, ਵਾਰ-੧੦)***

ਪ੍ਰਭੂ ਦੇ ਇਸ ਨਿਰਾਲੇ ਭਗਤ ਨੂੰ ਕਈ ਹੋਰ ਪ੍ਰੀਖਿਆਵਾਂ ਵਿਚੋਂ ਵੀ ਲੰਘਣਾ ਪਿਆ। ਕਦੀ ਭਗਵਾਨ ਨੇ ਕਿਸੇ ਸਰੂਪ ਵਿਚ ਆ ਕੇ ਪਾਰਸ ਪੱਥਰ ਦੇ ਦਿੱਤਾ। ਨਾ ਲੈਣ 'ਤੇ ਜ਼ਿੱਦ ਨਾਲ ਛੱਤ ਨਾਲ ਟੰਗ ਦਿੱਤਾ। ਲੰਮੇ ਸਮੇਂ ਬਾਅਦ ਮੁੜ ਆ ਕੇ ਵੇਖਿਆ ਹਰ ਚੀਜ਼ ਨਾਲ ਛੋਹ ਕੇ ਉਸ ਨੂੰ ਸੋਨਾ ਕਰ ਦੇਣਾ ਵਾਲਾ ਪਾਰਸ ਪੱਥਰ ਉਥੇ ਛੱਤ ਨਾਲ ਹੀ ਟੰਗਿਆ ਹੋਇਆ ਸੀ। ਰਵਿਦਾਸ ਜੀ ਨੇ ਉਸ ਵੱਲ ਤੱਕਿਆ ਤੱਕ ਵੀ ਨਹੀਂ ਸੀ। ਰਵਿਦਾਸ ਜੀ ਦੀ ਪ੍ਰਭੂ ਭਗਤੀ ਅਤੇ ਪ੍ਰਭੂ ਨਾਲ ਨੇੜਤਾ ਦੀ ਚਰਚਾ ਦੂਰ ਦੂਰ ਤੱਕ ਹੋਣ ਲੱਗ ਪਈ। ਉਚ ਜਾਤੀ ਦੇ ਬ੍ਰਾਹਮਣਾਂ ਵਿਚ ਈਰਖਾ ਵੀ ਵੱਧ ਗਈ। ਮੌਕੇ ਦੇ ਹਾਕਮਾਂ ਪਾਸ ਝੂਠੀਆਂ ਸ਼ਿਕਾਇਤਾਂ ਹੋਈਆਂ। ਭਗਵਾਨ ਨਾਲ ਨੇੜਤਾ ਕਿਸ ਦੀ ਵੱਧ ਹੈ, ਦੀਆਂ ਪ੍ਰੀਖਿਆਵਾਂ ਹੋਈਆਂ। ਰਵਿਦਾਸ ਜੀ ਦੀ ਹਲੀਮੀ ਦੀ ਜਿੱਤ ਹੋਈ। ਪ੍ਰਭੂ ਦੀਨ ਦੀਆਲ ਦੀ ਉਸਤਤਿ ਗਾਉਣ ਵਾਲੇ ਰਵਿਦਾਸ ਦਾ ਕੋਈ ਸਾਨੀ ਨਹੀਂ ਸੀ।

**ਹਮ ਸਰ ਦੀਨ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥**
**ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥੧॥**



**ਹਉ ਬਲਿ ਬਲਿ ਜਾਉ ਰਮਈਆ ਕਾਰਨੇ॥**
**ਕਾਰਨ ਕਵਨ ਅਬੋਲ॥ ਰਹਾਉ॥**
**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ॥**
**ਕਹਿ ਰਵਿਦਾਸ ਆਸ ਲਗਿ ਜੀਵਉ**
**ਚਿਰ ਭਇਓ ਦਰਸਨੁ ਦੇਖੇ॥੨॥੧॥**

ਦੁਨਿਆਵੀ ਲੋਭ ਲਾਲਚਾਂ ਦੇ ਦਾਇਰੇ ਤੱਕ ਸੀਮਤ ਰਹਿਣ ਵਾਲੇ ਉਚ ਜਾਤ ਬ੍ਰਾਹਮਣਾਂ ਬਾਰੇ ਸਮੇਂ ਦੇ ਸਭ ਤੋਂ ਵੱਡੇ ਰਾਮ ਭਗਤ ਰਵਿਦਾਸ ਜੀ ਨੇ ਉਚਾਰਨ ਕੀਤਾ ਹੈ

**ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨਾ ਬੂਝ॥**
**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥੧॥**

ਭਗਤ ਰਵਿਦਾਸ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੱਖ-ਵੱਖ ਰਾਗਾਂ ਵਿਚ 40 ਸ਼ਬਦ ਦਰਜ ਹਨ।

ਭਗਤ ਰਵਿਦਾਸ ਜੀ ਦੀ ਰਚਿਤ ਸਾਰੀ ਬਾਣੀ ਉਸ ਪ੍ਰਭੂ ਪ੍ਰਮਾਤਮਾ ਅਕਾਲ ਪੁਰਖ ਜੀ ਦੀ ਅਪਾਰ ਮਹਿਮਾ ਨੂੰ ਬਿਆਨ ਕਰਦੀ ਹੈ। ਆਪ ਜੀ ਪ੍ਰਮਾਤਮਾ ਦੇ ਬਹੁਤ ਵੱਡੇ ਭਗਤ ਸਨ। ਪ੍ਰਭੂ ਉਨ੍ਹਾਂ ਉਤੇ ਦਿਆਲ ਸੀ। ਉਨ੍ਹਾਂ ਦੀ ਰਚਨਾ ਦਾ ਤੱਤ ਇਹ ਸੀ ਕਿ ਜੋ ਸੇਵਕ ਪ੍ਰਭੂ ਦੀ ਕਥਾ ਕੀਰਤੀ ਧਿਆਨ ਨਾਲ ਸੁਣ ਕੇ, ਜਾਤ ਪਾਤ ਤੋਂ ਉਪਰ ਉੱਠ ਕੇ ਹਰ ਜਾਤ ਦੇ ਮਨੁੱਖ ਨਾਲ ਪਿਆਰ ਕਰੇ ਅਤੇ ਉਸ ਭਗਵਾਨ ਨੂੰ ਹਰ ਦਮ ਯਾਦ ਰੱਖੇ, ਉਸ ਦਾ ਜ਼ਰੂਰ ਕਲਿਆਣ ਹੋਵੇਗਾ। ਉਹ ਜਨਮ ਮਰਨ ਦੇ ਚੋਰਾਸੀ ਦੇ ਗੇੜ ਵਿਚ ਨਹੀਂ ਆਵੇਗਾ। ਸਭ ਜੀਵ ਜੰਤੂ, ਕੀੜੇ ਮਕੌੜੇ ਅਤੇ ਬਨਸਪਤੀ ਉਸ ਭਗਵਾਨ ਦੀ ਰਚਨਾ ਹੈ। ਵਾਹਿਗੁਰੂ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ। ਰਵਿਦਾਸ ਜੀ ਦੇ ਕਥਨ ਅਨੁਸਾਰ ਪ੍ਰਮਾਤਮਾ ਪ੍ਰਭੂ ਪਿਆਰੇ ਨਾਲ ਇਕ ਮਿੱਕ ਹੋ ਜਾਇਦਾ ਹੈ:

***ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥***
***ਕਟਕ ਕਟਿਕ ਜਲ ਤਰੰਗ ਜੈਸਾ॥***

ਅਜਿਹੇ ਮਹਾਂਪੁਰਸ਼ ਦੀ ਰਚਨਾ ਨੂੰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਗੁਰੂ ਮਹਾਰਾਜ ਦੀ ਬਾਣੀ ਦੇ ਬਰਾਬਰ ਸਤਿਕਾਰ ਦਾ ਉਚਾ ਪੱਧਰ ਦਿਤਾ, ਜੋ ਸਰਬੱਤ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ ਅਤੇ ਉਸ ਪ੍ਰਭੂ ਪ੍ਰਮਾਤਮਾ ਨਾਲ ਮਿਲਾਪ ਲਈ ਮਹਾਨ ਮਾਰਗ ਦਰਸ਼ਕ ਹੈ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਖਿਦਰਾਣੇ ਦੀ ਢਾਬ ਤੋਂ ਮੁਕਤਸਰ



ਮੁਕਤਸਰ ਦਾ ਪਹਿਲਾ ਨਾਂ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ। ਇਸ ਅਸਥਾਨ 'ਤੇ ਵਰਖਾ ਦਾ ਪਾਣੀ ਚਾਰਾਂ ਪਾਸਿਆਂ ਤੋਂ ਆ ਕੇ ਇਕੱਤਰ ਹੋ ਜਾਂਦਾ ਜੋ ਸਾਲ ਭਰ ਦੂਰ-ਦੁਰਾਡੇ ਤਕ ਲੋਕਾਂ ਦੀ ਪਾਣੀ ਦੀ ਮੰਗ ਨੂੰ ਪੂਰਿਆਂ ਕਰਦਾ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਤੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਕਰਕੇ ਖਿਦਰਾਣੇ ਦੀ ਢਾਬ ਜਾਂ ਤਾਲ, ਪਾਣੀ ਦੀ ਮਹੱਤਤਾ ਕਰਕੇ ਪਹਿਲਾਂ ਹੀ ਕਾਫੀ ਇਲਾਕੇ ਵਿਚ ਜਾਣਿਆ-ਪਛਾਣਿਆ ਥਾਂ ਸੀ। ਫਿਰ ਇਸ ਅਸਥਾਨ ਨੂੰ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੁਹ ਪ੍ਰਾਪਤ ਹੋਣ ਤੇ ਦਸਮੇਸ਼ ਪਿਆਰੇ ਦੇ ਗੁਰਸਿੱਖਾਂ ਦੇ ਪਵਿੱਤਰ ਖ਼ੂਨ ਨਾਲ ਧਰਤੀ-ਪਾਵਨ ਹੋ ਕੇ ਮੁਕਤਸਰ ਅਖਵਾਈ। ਹੁਣ ਲੋਕ ਇਸ ਧਰਤੀ ਸਰੋਵਰ ਦੇ ਦਰਸ਼ਨ ਇਸ਼ਨਾਨ ਕਰ ਜੀਵਨ ਸਫਲ ਕਰਦੇ ਹਨ। ਖਿਦਰਾਣੇ ਦੀ ਢਾਬ ਜਾਂ ਤਾਲ ਮੁਕਤਸਰ ਕਿਵੇਂ ਬਣੀ ? ਇਤਿਹਾਸਕ ਵਾਕਿਆ ਇਉਂ ਹੈ--




**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**


੧੭੦੧ ਈ. ਤਕ ਪਹਾੜੀ ਰਾਜਿਆਂ ਨੂੰ ਬਹੁਤ ਸਾਰੇ ਯੁੱਧਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਦਸਮੇਸ਼ ਪਿਤਾ ਦੀਆਂ ਲਾਡਲੀਆਂ ਫੌਜਾਂ ਦੀ ਤਾਕਤ ਤੋਂ ਉਹ ਭਲੀ-ਭਾਂਤ ਜਾਣੂੰ ਸਨ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਆਖਰੀ ਵਾਰ ਦੋ ਹੱਥ ਕਰਨ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਤੋਂ ਫੌਜੀ ਮੱਦਦ ਦੀ ਮੰਗ ਕੀਤੀ। ਔਰੰਗਜ਼ੇਬ ਆਪ ਤਾਂ ਉਸ ਸਮੇਂ ਦੱਖਣ ਦੀ ਮੁਹਿੰਮ 'ਤੇ ਸੀ ਪਰ ਉਸ ਨੇ ਪਹਾੜੀ ਰਾਜਿਆਂ ਦੀ ਮੱਦਦ ਲਈ ਸਰਹਿੰਦ -ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ।

ਇਸ ਤਰ੍ਹਾਂ ਸਰਹਿੰਦ-ਲਾਹੌਰ ਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਨੇ ਮਿਲ ਕੇ ਆਨੰਦਪੁਰ ਸਾਹਿਬ ਨੂੰ ਚੁਫੇਰੇ ਤੋ ਘੇਰਾ ਪਾ ਲਿਆ। ਕਿਉਂਕਿ ਦਸਮੇਸ਼ ਪਿਤਾ ਦੇ ਸੂਰਮੇ ਬਹਾਦਰ ਸਿੰਘਾਂ ਨੇ ਪਹਿਲਾਂ ਕਈ ਵਾਰ ਮੈਦਾਨੇ ਜੰਗ ਵਿਚ ਪਹਾੜੀ ਰਾਜਿਆਂ ਦੀਆਂ ਦੌੜਾਂ ਲਗਾਈਆਂ ਸਨ, ਉਨ੍ਹਾਂ ਆਹਮੋ-ਸਾਹਮਣੇ ਲੜਾਈ ਨਾਲੋਂ ਘੇਰਾ ਬੰਦੀ ਤੇ ਜ਼ਿਆਦਾ ਜ਼ੋਰ ਦਿੱਤਾ।

੧੭੦੪ ਈ. ਗਰਮੀ ਦੇ ਮਹੀਨਿਆਂ ਵਿਚ ਬਾਰਸ਼ਾਂ ਨਾਲ ਦੁਸ਼ਮਣ ਫੌਜਾਂ ਦਾ ਬੁਰਾ ਹਾਲ ਹੋਣ ਲੱਗਾ। ਸਮੇਂ-ਸਮੇਂ ਖਾਲਸਾ ਫੌਜਾਂ ਹਮਲਾ ਕਰਕੇ ਦੁਸਮਣਾ ਦਾ ਜਾਨੀ ਨੁਕਸਾਨ ਕਰਦੀਆਂ ਰਸਦਾਂ ਦੀ ਲੁੱਟ-ਮਾਰ ਕਰ ਲੈਂਦੀਆਂ। ਖਾਲਸਾ ਫੌਜ ਦੇ ਅਚਾਨਕ ਹਮਲਿਆਂ ਕਰਕੇ ਦੁਸ਼ਮਣਾਂ ਦੇ ਹੌਂਸਲੇ ਪਸਤ ਹੋ ਚੁਕੇ ਸਨ। ਦੁਸ਼ਮਣ ਫੌਜ ਨੂੰ ਆਪਣੀ ਬਹੁ-ਗਿਣਤੀ 'ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾ ਬੰਦੀ ਹੋਰ ਸਖ਼ਤ ਕਰ ਦਿੱਤੀ ਗਈ। ਘੇਰਾ ਲੰਮੇਰਾ, ਸਖ਼ਤ ਹੋਣ ਕਰਕੇ ਤੇ ਨਿੱਤ ਦੀ ਲੜਾਈ ਨਾਲ ਖਾਲਸਾ ਫੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖਤਮ ਹੋਣ ਨੂੰ ਆ ਗਏ। ਪਾਲਤੂ-ਪਸ਼ੂਆਂ ਲਈ ਚਾਰੇ ਦੀ ਭਾਰੀ ਕਿੱਲਤ ਆ ਗਈ। ਬਹੁਤ ਸਾਰੇ ਬਹਾਦਰ ਸਿੰਘ ਤੇ ਪਾਲਤੂ ਪਸ਼ੂ ਭੁੱਖ ਦੀ ਭੇਟ ਚੜ੍ਹ ਗਏ। ਸਿਦਕੀ ਸਿੰਘਾਂ ਦੀ ਸਿਦਕ-ਸਬੂਰੀ ਦੀ ਪਰਖ ਹੋ ਰਹੀ ਸੀ। ਦੁਸ਼ਮਣ ਦੇ ਬਾਰ ਬਾਰ ਢੰਡੋਰਾ ਦੇਣ 'ਤੇ ਵੀ ਜੇਕਰ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ, ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ।

ਗੁਰੂ ਜੀ ਨੇ ਪੰਚ ਪ੍ਰਧਾਨੀ ਸਿਧਾਂਤ ਨੂੰ ਸਥਾਪਤ ਕਰ, ਖਾਲਸੇ ਵਿਚ ਇਤਨਾ ਆਤਮ ਵਿਸ਼ਵਾਸ਼, ਜੁਰਅਤ ਭਰ ਦਿੱਤੀ ਸੀ ਕਿ ਖਾਲਸਾ ਸਮੇਂ ਸਮੇਂ ਗੁਰੂ ਜੀ ਨੂੰ ਨਿਝਕ ਹੋ ਸਲਾਹ, ਸੁਝਾਅ ਤੇ ਰਾਇ ਦੇ ਸਕਦਾ ਸੀ। ਕੁਝ ਸਿੰਘਾਂ ਸਲਾਹ ਦਿੱਤੀ ਕਿਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਵੱਖ-ਵੱਖ ਸਮੇਂ ਯੁੱਧ ਦੇ ਢੰਗ ਤਰੀਕੇ ਅਲੱਗ ਅਲੱਗ ਹੁੰਦੇ ਹਨ। ਗੁਰੂ ਜੀ ਨੇ ਇਸ ਸਮੇਂ 'ਇੰਤਜ਼ਾਰ ਕਰੋ ਤੇ ਦੇਖੋ' ਦੀ ਪਾਲਸੀ 'ਤੇ ਚੱਲਣ ਲਈ ਕਿਹਾ। ਪਰ ਕੁਝ ਸਿੰਘ ਇਸ ਬਿਖੜੇ ਸਮੇਂ ਭੁਲੇਖੇ ਦਾ ਸ਼ਿਕਾਰ ਹੋ ਗਏ। ਮੁਸ਼ਕਲ ਦੀ ਘੜੀ ਮਨਮੁਖ ਬਣ ਗੁਰੂ ਜੀ ਦਾ ਸਾਥ ਛੱਡਣ ਲੱਗੇ। ਗੁਰਦੇਵ ਸਮਰੱਥ ਸਨ ਜੇਕਰ ਉਹ ਚਾਹੁੰਦੇ ਤਾਂ ਉਸ ਸਮੇਂ ਹੀ ਉਨ੍ਹਾਂ ਦਾ ਭੁਲੇਖਾ ਦੂਰ ਕਰ ਸਕਦੇ ਸਨ। ਪਰ

ਗੁਰਦੇਵ ਜੀ ਨੇ ਖਾਲਸੇ ਨੂੰ ਸਰਬ-ਗੁਣ ਸੰਪਨ ਬਣਾਉਣਾ ਸੀ। ਭੁੱਲੇ ਨੂੰ ਭੁੱਲ ਦਾ, ਅਹਿਸਾਸ ਕਰਵਾ ਮਾਰਗ 'ਤੇ ਪਾਉਣਾ ਸੀ। ਇਕ ਨਵੀਂ ਮਿਸਾਲ ਬਣਨਾ ਸੀ। ਭੁੱਲ ਹਰ ਕੋਈ ਕਰ ਸਕਦਾ ਹੈ ਕਿਉਂਕਿ ਹਰ ਮਾਨਵ ਭੁੱਲਣਹਾਰ ਹੈ, ਕੇਵਲ ਕਰਤਾ ਹੀ ਅਭੁੱਲ ਹੈ:

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥**

**(ਸਿਰੀਰਾਗੁ ਮ: ੧, ਪੰਨਾ ੬੧)**

ਪੇਟ ਦੀ ਭੁੱਖ ਜੋ ਮਨੁੱਖ ਨੂੰ ਨੀਚ ਤੋਂ ਨੀਚ ਕਰਮ ਕਰਨ ਲਈ ਕਈ ਵਾਰ ਮਜਬੂਰ ਕਰ ਸਕਦੀ ਹੈ। ਇਨ੍ਹਾਂ ਸਿੰਘਾਂ ਉੱਤੇ ਵੀ ਭਾਰੂ ਹੋਈ, ਭੁੱਖ ਦੇ ਦੁੱਖ ਤੋਂ ਤੰਗ ਆ ਕੇ ਕੁਝ ਸਿੰਘਾਂ (ਜਿਨ੍ਹਾਂ ਦੀ ਗਿਣਤੀ ਇਤਿਹਾਸ ਵਿਚ ੪੦ ਦੱਸੀ ਗਈ ਹੈ) ਗੁਰੂ ਤੋਂ ਬੇਮੁਖ ਹੋ ਆਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ ਲਿਆ। ਗੁਰੂ ਜੀ ਦੇ ਸਨਮੁੱਖ ਪੇਸ਼ ਹੋ ਇਨ੍ਹਾਂ ਸਿੰਘਾਂ ਨੇ ਬੇਨਤੀ ਕੀਤੀ : ਗੁਰਦੇਵ ਅਸੀਂ ਜਾਣਾ ਚਾਹੁੰਦੇ ਹਾਂ।

ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਬਚਨ ਕੀਤਾ ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ-ਅਸੀਂ ਛੱਡ ਕੇ ਜਾ ਰਹੇ ਹਾਂ- ਲਿਖ ਕੇ ਦੇ ਜਾਓ। ਸਿੰਘਾਂ ਲਿਖ ਕੇ ਦੇ ਦਿੱਤਾ, ਜਿਸ ਨੂੰ ਇਤਿਹਾਸ ਵਿਚ 'ਬੇਦਾਵਾ' ਕਿਹਾ ਗਿਆ ਹੈ। ਇਨ੍ਹਾਂ ਸਿੰਘਾਂ ਨੇ ਆਨੰਦਪੁਰ ਨੂੰ ਛੱਡ ਘਰਾਂ ਵੱਲ ਨੂੰ ਮੂੰਹ ਕੀਤੇ। ਜਿਉਂ ਜਿਉਂ ਇਹ ਆਨੰਦਪੁਰ ਤੋਂ ਦੂਰ ਹੋਏ, ਇਨ੍ਹਾਂ ਨੂੰ ਗੁਰੂ -ਵਿਛੋੜੇ ਦੀ ਪੀੜਾ ਤੰਗ ਕਰਨ ਲੱਗੀ। ਕਈ ਵਾਰ ਪਿਆਰ ਦਾ ਅਹਿਸਾਸ ਵਿਛੋੜੇ ਵਿਚ ਹੀ ਹੁੰਦਾ ਹੈ। ਜਦ ਘਰੀਂ ਪਹੁੰਚੇ ਤਾਂ ਇਨ੍ਹਾਂ ਨੂੰ ਸ਼ਰਮਿੰਦਗੀ ਨੇ ਪੂਰੀ ਤਰ੍ਹਾਂ ਆ ਘੇਰਿਆ, ਪਰ ਹੁਣ ਸਮਾਂ ਲੰਘ ਚੁਕਿਆ ਸੀ।

ਦੂਸਰੇ ਪਾਸੇ ਇਸ ਲੰਮੇਰੀ ਜੰਗ ਤੋਂ ਪਹਾੜੀ ਰਾਜੇ ਵੀ ਪੂਰੀ ਤਰ੍ਹਾਂ ਤੰਗ ਆ ਚੁਕੇ ਸਨ। ਅੰਤ ਨੂੰ ਤੰਗ ਆ ਕੇ ਪਹਾੜੀ ਰਾਜਿਆਂ ਤੇ ਸਰਹਿੰਦ, ਲਾਹੌਰ ਦੇ ਸੂਬੇਦਾਰਾਂ ਨੇ ਆਪਣੇ ਦਸਤਖ਼ਤਾਂ ਹੇਠ ਬਾਦਸ਼ਾਹ ਵੱਲ ਪਰਵਾਨਾ ਭੇਜਿਆ ਕਿ 'ਜੇਕਰ ਗੁਰੂ ਜੀ ਆਨੰਦਪੁਰ ਸਾਹਿਬ ਨੂੰ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ' ਇਸ ਲਈ ਉਨ੍ਹਾਂ ਕਸਮਾਂ ਵੀ ਖਾਧੀਆਂ।

ਗੁਰਦੇਵ ਪਿਤਾ ਪਹਾੜੀ ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂੰ ਸਨ ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਸਲਾਹ ਮਸ਼ਵਰੇ ਪਿੱਛੋਂ ਆਨੰਦਪੁਰ ਨੂੰ ਛੱਡ ਜਾਣ ਦਾ ਫੈਸਲਾ ਹੋ ਗਿਆ। ਦੁਸ਼ਮਣ ਫੌਜਾਂ ਨੇ ਇਕਰਾਰ ਤਹਿਤ ਦਰਿਆ ਸਤਲੁਜ ਦੇ ਪਾਸਿਓਂ ਕੁਝ ਰਸਤਾ ਦੇ ਦਿੱਤਾ।

ਰਾਤ ਦੇ ਪਹਿਲੇ ਪਹਿਰ ਗੁਰਦੇਵ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦੀ ਅਨੰਦਮਈ ਧਰਤ ਨੂੰ ਹਮੇਸ਼ਾ ਹਮੇਸ਼ਾ ਲਈ ਛੱਡ ਦਿੱਤਾ। ਆਨੰਦਪੁਰ ਦਾ ਕਿਲ੍ਹਾ ਖਾਲੀ ਕਰਨ ਦੀ ਹੀ ਦੇਰ ਸੀ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ-ਇਕਰਾਰ ਭੁੱਲ ਕੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਜਿਥੇ ਵਿਸ਼ਵ ਦਾ ਅਨੋਖਾ ਸਭ ਤੋਂ ਅਸਾਵਾਂ ਯੁੱਧ ਹੋਇਆ। ਚਮਕੌਰ ਦੀ ਗੜ੍ਹੀ ਵਿਚ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਾਛੀਵਾੜੇ ਦੇ ਜੰਗਲਾਂ ਵਿਚ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ' ਦਾ ਸੁਣਾ, ਦੀਨਾ ਕਾਂਗੜ ਤੋਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ-ਪਹੁੰਚਾ, ਕਪੂਰੇ ਤੋਂ ਹੁੰਦੇ ਹੋਏ ਗਰਮੀ ਦੇ ਮਹੀਨੇ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਵੈਰੀ ਦਾ ਟਿੱਡੀ ਦਲ ਵੀ ਗੁਰੂ ਜੀ ਦੇ ਪਿੱਛੇ ਪਿੱਛੇ ਆ ਰਿਹਾ ਸੀ। ਖਿਦਰਾਣੇ ਦੀ ਢਾਬ ਖਾਲਸਾ ਫੌਜਾਂ ਦੇ ਘੇਰੇ ਵਿਚ ਸੀ। ਖਿਦਰਾਣੇ ਦੀ ਢਾਬ ਯੁੱਧ ਨੀਤੀ ਦੇ ਪੱਖੋਂ ਬਹੁਤ ਹੀ ਮਹੱਤਵਪੂਰਨ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ 'ਤੇ ਜਾ ਬਿਰਾਜੇ, ਦੁਸ਼ਮਣ ਫੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਨ ਦਾ ਯੁੱਧ ਹੋਇਆ। ਦੇਖੋ ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਦੀ ਅਗਵਾਈ ਵਿਚ ਲੜ ਰਹੇ ਸਨ ਜੋ ਗੁਰਦੇਵ ਜੀ ਤੋਂ ਬੇਮੁਖ ਹੋ ਆਨੰਦਪੁਰ ਛੱਡ ਆਏ ਸਨ। ਗੁਰਦੇਵ ਪਿਤਾ ਸੂਰਮਿਆਂ ਨੂੰ ਰਣ ਤੱਤੇ ਵਿਚ ਜੂਝਦਿਆਂ ਤਕ ਖ਼ੁਸ਼ ਹੋ ਰਹੇ ਸਨ। ਸਮੇਂ ਸਮੇਂ ਗੁਰਦੇਵ ਦੁਸ਼ਮਣ ਦਲਾਂ 'ਤੇ ਤੀਰਾਂ ਦੀ ਵਰਖਾ ਕਰਦੇ। ਦੁਸ਼ਮਣ ਫੌਜ ਅਣਗਿਣਤ ਤੇ ਸਿੰਘ ਗਿਣਤੀ ਦੇ ਪਰ ਇਕ ਪਾਸੇ ਗੁਰੂ ਪ੍ਰੀਤੀ ਤੇ ਦੂਸਰੇ ਪਾਸੇ ਮੁਲਾਜ਼ਮਤ। ਦਿਨ ਗਰਮੀ ਦੇ, ਪਾਣੀ ਦਾ ਕਬਜ਼ਾ ਸਿੰਘਾ ਦੇ ਹੱਥ, ਇਹ ਸਭ ਕਾਰਨ ਸਨ ਦੁਸ਼ਮਣ ਫੌਜਾਂ ਦੀ ਹਾਰ ਦੇ। ਮੈਦਾਨ ਖਾਲਸੇ ਨੇ ਫਤਹਿ ਕੀਤਾ।

ਦੁਸ਼ਮਣ ਫੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨੇ ਜੰਗ ਵਿਚ ਆਏ। ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਹਰ ਸਿੰਘ ਦੀ ਪਵਿੱਤਰ ਦੇਹ ਦੇ ਪਾਸ ਜਾਂਦੇ ਤੇ ਸਿੰਘਾ ਦੇ ਮੁਖੜੇ ਸਾਫ ਕਰਦੇ ਅਤੇ ਬਖਸ਼ਿਸ਼ਾਂ ਕਰਦੇ : ਇਹ ਮੇਰਾ ਪੰਜ ਹਜ਼ਾਰੀ-ਇਹ ਮੇਰਾ ਦਸ ਹਜ਼ਾਰੀ-ਇਹ ਮੇਰਾ ਤੀਹ ਹਜ਼ਾਰੀ। ਬਖਸ਼ਿਸ਼ਾਂ ਕਰਦੇ ਗੁਰਦੇਵ ਪਿਤਾ ਪਹੁੰਚੇ ਭਾਈ ਮਹਾਂ ਸਿੰਘ ਦੇ ਪਾਸ, ਭਾਈ ਮਹਾਂ ਸਿੰਘ ਦੇ ਸੁਆਸ ਅਜੇ ਚੱਲ ਰਹੇ ਸਨ। ਗੁਰਦੇਵ ਨੇ ਸੂਰਮੇ ਸਿੰਘ ਦਾ ਮੁਖੜਾ ਸਾਫ ਕੀਤਾ ਤੇ ਮੂੰਹ ਵਿਚ ਪਾਣੀ ਪਾਇਆ। ਸੀਸ ਗੋਦ ਵਿਚ ਰੱਖਿਆ ਤੇ ਕਿਹਾ ਕਿ ਮੁਕਤਿ ਭੁਗਤਿ ਜੁਗਤਿ ਸਭ ਹਾਜ਼ਰ ਹੈ... ਮੰਗ ਭਾਈ ਮਹਾਂ ਸਿੰਘ। ਜੋ ਚਾਹੁੰਦਾ ਹੈਂ?

ਭਾਈ ਮਹਾਂ ਸਿੰਘ ਗਿੜਗਿੜਾਇਆ, ਦਸਮੇਸ਼ ਪਿਤਾ! ਦਰਸ਼ਨਾਂ ਦੀ ਸਿਕ ਸੀ, ਪੂਰੀ ਹੋ ਗਈ-

ਨਹੀਂ, ਪਿਆਰੇ ਮਹਾਂ ਸਿੰਘ ਕੁਝ ਹੋਰ- !

ਗੁਰਦੇਵ ਪਿਤਾ ਜੇ ਤੁਠੇ ਹੋ ਕਿਰਪਾ ਨਿਧਾਨ ਤਾਂ ਸਾਡੀ ਟੁੱਟੀ ਮੇਲ ਲਵੋ-ਕਾਗਜ਼ ਦਾ ਉਹ ਟੁਕੜਾ ਪਾੜ ਦਿਓ। ਜੋ ਅਸੀਂ ਦੇ ਆਏ ਸਾਂ- !

ਧੰਨ ਹਨ ਗੁਰਦੇਵ ਪਿਤਾ ਜਿਨ੍ਹਾਂ ਇਤਨੇ ਬਿਖੜੇ ਸਮੇਂ ਵੀ ਉਹ ਕਾਗਜ਼ ਦਾ ਟੁਕੜਾ ਕਿਧਰੇ ਗੁੰਮ ਨਹੀਂ ਹੋਣ ਦਿੱਤਾ। ਭਾਈ ਮਹਾਂ ਸਿੰਘ ਦੀ ਖਾਹਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗਜ ਟੁਕੜੇ-ਟੁਕੜੇ ਕਰ ਦਿੱਤਾ।

ਭਾਈ ਮਹਾਂ ਸਿੰਘ ਨੇ ਭੁੱਲਾਂ ਭਖਸ਼ਾਂ ਸ਼ੁਕਰੀਆਂ ਅੰਦਾਜ਼ ਵਿਚ ਹੱਥ ਉੱਪਰ ਚੁੱਕੇ ਤੇ ਹਮੇਸ਼ਾ ਲਈ ਦਸਮੇਸ਼ ਪਿਤਾ ਦੀ ਗੋਦ ਵਿਚ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਆਪਣੇ ਹੱਥੀਂ ਸੰਸਕਾਰ ਕੀਤਾ ਤੇ ਇਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖਸ਼ਿਸ਼ ਕੀਤੀ। ਬੇਦਾਵੀਏ ਸਿੰਘ ਮੁਕਤ ਹੋਏ ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਅਖਵਾਈ।

ਆਓ! ਅਸੀਂ ਵੀ ਸਭ ਗੁਰੂ ਵੱਲ ਮੁਖ ਕਰੀਏ, ਗੁਰਮਤਿ ਸਿਧਾਤਾਂ ਅਨੁਸਾਰ ਜੀਵਨ ਜੀਵੀਏ। ਕਰਮਕਾਂਡਾਂ, ਮੜ੍ਹੀਆਂ-ਮਸਾਣਾਂ ਨੂੰ ਮੰਨਣਾ, ਸਖ਼ਸ਼ੀ ਪੂਜਾ ਕਰਨੀ ਵੀ ਤਾਂ ਗੁਰੂ ਤੋਂ ਬੇਮੁਖ ਹੋ ਬੇਦਾਵੀਏ ਬਣਨ ਵਾਲੀ ਗੱਲ ਹੈ!

ਆਓ! ਸਭ ਗੁਰੂ ਚਰਨਾਂ 'ਚ ਅਰਦਾਸ ਕਰੀਏ, ਗੁਰਦੇਵ ਸਾਨੂੰ ਗੁਰਮਤਿ ਮਾਰਗ 'ਤੇ ਚੱਲਣ ਦਾ ਬਲ ਉਤਸ਼ਾਹ ਬਖਸ਼ਿਸ਼ ਕਰਨ ਤਾਂ ਜੋ ਅਸੀਂ ਸਤਿਗੁਰੂ ਦੀ ਗੋਦ ਦਾ ਨਿੱਘ ਮਾਣ ਸਕੀਏ!

**"ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਵਸ 'ਤੇ ਵਿਸ਼ੇਸ਼"**

# ਝਾਲੀ ਰਾਣੀ

ਇੰਜੀਨੀਅਰ ਪਰਮਿੰਦਰਜੀਤ ਸਿੰਘ
ਕੋ ਐਡੀਟਰ, 99153-57524

ਰਵਿਦਾਸ ਵੱਡਾ ਭਗਤ ਹੋ ਗਿਆ ਤੇ ਉਹਦੇ ਮੰਦਰ ਵਿਚ ਸਵੇਰੇ ਸ਼ਾਮ ਨੂੰ ਬਹੁਤ ਰੌਣਕ ਰਹਿੰਦੀ, ਕੀਰਤਨ ਹੁੰਦਾ। ਅਮੀਰ ਗਰੀਬ ਚੇਲੇ ਬਣ ਗਏ। ਬੇਅੰਤ ਚੜ੍ਹਾਵਾ ਚੜ੍ਹਨ ਲੱਗਾ, ਭੰਡਾਰੇ ਚੱਲ ਪਏ। ਗਰੀਬ ਤੇ ਸੰਤ ਸਾਧੂ ਦੋਵੇਂ ਵੇਲੇ ਪੇਟ ਭਰ ਕੇ ਭੋਜਨ ਛਕਦੇ। ਰਵਿਦਾਸ ਦੀ ਸ਼ੋਭਾ ਕਾਂਸ਼ੀ ਦੇ ਚੌਗਿਰਦੇ ਹੀ ਨਾ ਰਹੀ ਸਗੋਂ ਭਾਰਤ ਦੇ ਬਾਕੀ ਹਿੱਸਿਆਂ ਵਿਚ ਵੀ ਸ਼ੋਭਾ ਸੁਗੰਧੀ ਦਾ ਰੂਪ ਧਾਰਨ ਕਰ ਕੇ ਖਿਲਰ ਗਈ। ਰਾਜੂਪਤਾਨੇ ਦੇ ਪ੍ਰਸਿੱਧ ਕਿਲ੍ਹੇ ਚਿਤੌੜ ਵਿਚ ਵੀ ਕਿਸੇ ਨੇ ਜਾ ਦੱਸਿਆ ਕਿ ਰਵਿਦਾਸ ਭਗਤ ਨੂੰ ਭਗਵਾਨ ਨੇ ਸਾਰੀਆਂ ਰਿਧੀਆਂ ਸਿਧੀਆਂ ਬਖਸ਼ ਦਿੱਤੀਆਂ ਹਨ। ਭਗਵਾਨ ਸਦਾ ਉਹਦੇ ਕੋਲ ਉਹਦੀ ਆਗਿਆ ਦਾ ਪਾਲਨ ਕਰਨ ਵਾਸਤੇ ਰਹਿੰਦੇ ਹਨ।



ਚਿਤੌੜ ਦੇ ਰਾਣੇ ਦੀ ਧਰਮ ਪਤਨੀ ਰਾਣੀ ਝਾਲਾਂ ਸੀ। ਉਹ ਬੜੀ ਧਰਮਨ ਤੇ ਦਇਆਵਾਨ ਸੀ। ਉਸ ਨੇ ਜਦੋਂ ਰਵਿਦਾਸ ਜੀ ਦੀ ਸ਼ੋਭਾ ਸੁਣੀ ਤਾਂ ਉਹਦੇ ਹਿਰਦੇ ਵਿਚ ਭਗਤ ਜੀ ਦੇ ਦਰਸ਼ਨ ਕਰਨ ਦੀ ਲਗਨ ਲੱਗ ਗਈ। ਰਾਣੀ ਸੀ, ਦੂਸਰਾ ਪਤੀ ਨਾਲ ਪਿਆਰ ਸੀ ਕਿਸੇ ਚੀਜ਼ ਦੀ ਥੁੜ ਨਹੀਂ ਸੀ ਰਾਣੇ ਕੋਲੋਂ ਆਗਿਆ ਹਾਸਲ ਕਰਕੇ ਅਤੇ ਬ੍ਰਾਹਮਣਾਂ ਨੂੰ ਨਾਲ ਲੈ ਕੇ ਤੀਰਥ ਯਾਤਰਾ ਦੇ ਬਹਾਨੇ ਕਾਂਸ਼ੀ ਆ ਗਈ। ਗੰਗਾ ਇਸ਼ਨਾਨ ਨਹੀਂ ਕੀਤਾ, ਕਿਸੇ ਬ੍ਰਾਹਮਣ ਮੰਦਰ ਵਿਚ ਨਹੀਂ ਗਈ ਸਗੋਂ ਸਿੱਧੀ ਰਵਿਦਾਸ ਜੀ ਦੇ ਮੰਦਰ ਵਿਚ ਪੁੱਜੀ। ਅੱਗੇ ਹਰੀ ਨਾਮ ਦਾ ਕੀਰਤਨ ਹੋ ਰਿਹਾ ਸੀ। ਦੇਵਤਿਆਂ ਦੀਆਂ ਮੂਰਤੀਆਂ ਦੇ ਅੱਗੇ ਆਸਨ ਜਮਾਈ ਰਵਿਦਾਸ ਜੀ ਪ੍ਰਭੂ ਗੁਣ ਗਾ ਰਹੇ ਸਨ। ਉਸ ਵੇਲੇ ਸ਼ਬਦ ਪੜ੍ਹਿਆ ਜਾ ਰਿਹਾ ਸੀ –

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥**
**ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥**

……………


**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ।**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥**
**ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥**
**ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥**
**ਰਾਖਹੁ ਕੰਧ ਉਸਾਰਹੁ ਨੀਵਾਂ ॥**
**ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥**
**ਬੰਕੇ ਬਾਲ ਪਾਗ ਸਿਰਿ ਡੇਰੀ ॥**
**ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥**
**ਊਚੇ ਮੰਦਰ ਸੁੰਦਰ ਨਾਰੀ ॥**
**ਰਾਮ ਨਾਮ ਬਿਨੁ ਬਾਜੀ ਹਾਰੀ ॥੪॥**
**ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰੇ ॥**
**ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥**

(ਸੋਰਠਿ)

**ਪ੍ਰਮਾਰਥ** - ਭਗਤ ਜੀ ਦਸਦੇ ਨੇ ਭਾਈ! ਇਸ ਸਰੀਰ ਤੇ ਜੋ ਮਾਣ ਕਰਦੇ ਨੇ ਇਹ ਪਾਨੀ ਦੀ ਕੰਧ ਹੈ ਸਾਸ ਹਵਾ ਦਾ ਆਸਰਾ ਹੈ। ਮਾਂ ਬਾਪ ਦੇ ਬੀਰਜ ਦਾ ਇਸ ਨੂੰ ਗਾਰਾ ਲੱਗਾ ਹੋਇਆ ਹੈ। ਹੱਡੀਆਂ ਮਾਸ ਅਤੇ ਨਾੜੀਆਂ ਦਾ ਇਹ ਪਿੰਜਰਾ ਹੈ। ਇਸ ਪਿੰਜਰੇ ਲਈ ਜੀਵ ਆਤਮਾ ਵਸ ਰਿਹਾ ਹੈ। ਭਾਈ ਇਸ ਜਗਤ ਵਿਚ ਕੁਝ ਤੇਰਾ ਮੇਰਾ ਨਾਮ ਨਹੀਂ। ਜਿਵੇਂ ਪੰਛੀ ਸ਼ਾਮ ਨੂੰ ਆਉਂਦੇ ਰੁਖ ਉੱਤੇ ਬੈਠ ਜਾਂਦੇ ਨੇ ਸਵੇਰ ਹੋਣ ਤੇ ਉਠ ਜਾਂਦੇ ਹਨ। ਅਗੇਲ ਦਿਨ ਸ਼ਾਇਦ ਕਿਸੇ ਹੋਰ ਦਰੱਖ਼ਤ ਉਤੇ ਜਾ ਬੈਠਣ ਇਸ ਵਾਸਤੇ ਉਹ ਉਸ ਰੁੱਖ ਨੂੰ ਕਦੀ ਆਪਣਾ ਨਹੀਂ ਆਖਦੇ। ਇਸ ਤਰ੍ਹਾਂ ਜੀਵ ਇਸ ਸੰਸਾਰ ਤੇ ਆਉਂਦਾ ਹੈ ਤੇ ਚਲਿਆ ਜਾਂਦਾ ਹੈ। ਨਾ ਆਉਂਦਿਆਂ ਨਾਲ ਕੁਝ ਲਿਆਉਂਦਾ ਤੇ ਨਾ ਜਾਂਦਿਆਂ ਕੋਈ ਜਗਤ ਦੀ ਵਸਤੂ ਨਾਲ ਲੈ ਕੇ ਗਿਆ ਸਗੋਂ ਮਿੱਟੀ ਦਾ ਸਰੀਰ ਵੀ ਇਥੇ ਹੀ ਛੱਡਣਾ ਪਿਆ। ਇਸ ਸਰੀਰ ਨੂੰ ਜੋ ਸੁਖਾਂ ਲਈ ਤੂੰ ਡੂੰਘੀਆਂ ਨੀਹਾਂ ਰੱਖ ਕੇ ਮੰਦਰ ਤੇ ਕਿਲ੍ਹੇ ਉਸਾਰ ਰਿਹਾ ਹੈ ਇਸ ਦਾ ਕੀ ਲਾਭ? ਤੇਰੇ ਵਾਸਤੇ ਤਾਂ ਸਾਢੇ ਤਿੰਨ ਹੱਥ ਥਾਂ ਕਾਫੀ ਹੈ। ਓ ਮੂਰਖ ਬੰਦੇ! ਸੁੰਦਰ ਵਾਲ ਵਾਹ ਕੇ ਪੱਗ ਨੂੰ ਟੇਢੀ ਬੰਨ੍ਹ ਕੇ ਆਕੜ ਕੇ ਤਾਂ ਤੁਰਦਾ ਹੈਂ ਪਰ ਇਹ ਕਦੀ ਸੋਚਿਆ ਈ ਕਿ ਇਸ ਤਨ ਨੇ ਇਕ ਦਿਨ ਮਿੱਟੀ ਦੀ ਢੇਰੀ ਹੋ ਜਾਣਾ ਹੈ। ਹੇ ਉੱਚੇ ਮੰਦਰਾਂ ਸ਼ੀਸ਼ ਮਹਿਲਾਂ ਵਿਚ ਰਹਿਣ ਵਾਲਿਓ ਸੁੰਦਰ ਜੋਬਨ ਮਤੀਓ ਮੁਟਿਆਰੋ! ਰਾਮ ਨਾਮ ਤੋਂ ਬਿਨਾਂ ਜੀਵਨ ਬਾਜੀ ਹਾਰ ਜਾਵੋਗੀਆਂ। ਇਹ ਵੀ ਅਰਥ ਉੱਚੇ ਮੰਦਰ ਅਤੇ ਸੁੰਦਰ

ਇਸਤਰੀਆਂ ਵਿਚ ਤੂੰ ਪ੍ਰੀਤੀ ਲਾਈ ਰੱਖੀ ਅਫਸੋਸ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਬਾਜੀ ਹਾਰ ਦਿੱਤੀ। ਭਾਵ ਮਨੁੱਖਾ ਜਨਮ ਗਵਾ ਲਿਆ।

ਮੇਰੀ ਜਾਤ ਨੀਵੀਂ ਹੈ। ਪਤ ਨੀਵੀਂ ਹੈ। ਜਨਮ ਵੀ ਚਮਾਰ ਦੇ ਘਰ ਹੋਇਆ ਹੈ, ਜਿਨ੍ਹਾਂ ਨੂੰ ਸ਼ੂਦਰ ਤੇ ਅਛੂਤ ਆਖਿਆ ਜਾਂਦਾ ਹੈ। ਕੋਈ ਲਾਗੇ ਨਹੀਂ ਬੈਠਣ ਦਿੰਦਾ। ਫਿਰ ਵੀ ਦਾਤਾ ਬਖਸ਼ ਮੇਹਰ ਕਰ ਮੈਂ ਤੇਰੀ ਸ਼ਰਨ ਆ ਡਿੱਗਾ ਹਾਂ ਤੇਰੇ ਬਿਨਾਂ ਮੇਰਾ ਕੋਈ ਨਹੀਂ।




ਰਵਿਦਾਸ ਜੀ ਦੇ ਪਵਿੱਤਰ ਮੁਖੋਂ ਬਾਣੀ ਸੁਣਦੇ ਸਾਰ ਰਾਣੀ ਦੇ ਕਪਾਟ ਖੁਲ੍ਹ ਗਏ। ਉਸ ਦੀ ਆਤਮਾ ਸੁਰਜੀਤ ਹੋ ਗਈ। ਉਸ ਨੇ ਮਨ ਹੀ ਮਨ ਵਿਚ ਸੋਚਿਆ ਕਿ ਚੰਗਾ ਹੋ ਗਿਆ, ਛੋਟੀ ਉਮਰ ਵਿਚ ਹੀ ਭਗਤੀ ਮਾਰਗ ਤੇ ਤੁਰੀ ਹਾਂ। ਸ਼ਾਹੀ ਮੰਦਰਾਂ ਵਿਚ ਰਾਮ ਨਾਮ ਤੋਂ ਬਿਨਾਂ ਰਹਿਣਾ ਬੇਅਰਥ ਹੈ। ਰਾਮ ਸਿਮਰਨ ਵਾਸਤੇ ਉਹੀ ਤੜਪੀ। ਜਦੋਂ ਕੀਰਤਨ ਹੋ ਗਿਆ ਤਾਂ ਰਾਣੀ ਝਾਲੀ ਰਵਿਦਾਸ ਜੀ ਦੇ ਚਰਨੀਂ ਡਿੱਗ ਕੇ ਅਰਜ਼ੋਈ ਕਰਨ ਲੱਗੀ – 'ਹੇ ਪ੍ਰਭੂ ! ਹੇ ਨਾਥ ! ਮੇਰੇ ਤੇ ਕ੍ਰਿਪਾ ਕਰੋ। ਮੈਨੂੰ ਸ਼ਰਨ ਲਾ ਕੇ ਭਗਤੀ ਮਾਰਗ ਤੇ ਤੁਰਨ ਦਾ ਵੱਲ ਦੱਸੋ। ਮੈਂ ਪਾਪਣ ਨੇ ਮਨੁੱਖਾ ਜਨਮ ਦਾ ਮੁੱਲ ਨਹੀਂ ਜਾਣਿਆ। ਜੀਵਨ ਦੇ ਜਿੰਨੇ ਦਿਨ ਗਵਾਏ ਨੇ ਉਹ ਬੇਅਰਥ ਗਵਾਏ ਨੇ। ਮੈਨੂੰ ਆਪਣੀ ਚੇਲੀ ਬਣਾਓ ਮੈਂ ਸੇਵਾ ਕਰਾਂਗੀ। ਸਿਮਰਨ ਕਰਾਂਗੀ। ਰਾਮ ਨਾਮ ਉਤੋਂ ਰਾਜ ਤੇ ਦੁਨਿਆਵੀ ਸੁਖ ਵਾਰ ਦਿਆਂਗੀ। ਮੈਂ ਅਜੇ ਤੱਕ ਕਿਸੇ ਕੋਲੋਂ ਨਾਮ ਜਪਣ ਦੀ ਜੁਗਤੀ ਨਹੀਂ ਸੁਣੀ।

ਰਾਣੀ ਝਾਲੀ ਦੀ ਅਰਜ਼ੋਈ ਪ੍ਰਵਾਨ ਚੜ੍ਹ ਗਈ। ਰਵਿਦਾਸ ਜੀ ਨੇ ਉਸ ਨੂੰ ਆਪਣੀ ਚੇਲੀ ਬਣਾ ਲਿਆ। ਰਾਣੀ ਤੀਰਥ ਯਾਤਰਾ ਵਾਸਤੇ ਜਿੰਨਾ ਧਨ ਤੇ ਕੱਪੜਾ ਲਿਆਈ ਸੀ ਉਹ ਸਾਰੇ ਰਵਿਦਾਸ ਜੀ ਦੇ ਚਰਨਾਂ ਉੱਤੇ ਰੱਖ ਕੇ ਮੱਥਾ ਟੇਕ ਦਿੱਤਾ। ਆਤਮਾ ਸ਼ਾਂਤ ਹੋ ਗਈ, ਸਾਰੀ ਭਟਕਣਾ ਮਿਟ ਗਈ ਹਰੀ ਨਾਮ ਜਪਣ ਲੱਗੀ। ਨਿਰਾ ਜਪਣ ਹੀ ਨਾ ਲੱਗੀ ਸਗੋਂ ਖੜਤਾਲਾਂ ਛੈਣੇ ਹੱਥ ਫੜ ਕੇ ਰਵਿਦਾਸ ਜੀ ਦੀ ਬਾਣੀ ਨੂੰ ਗਾਉਣ ਲੱਗੀ। ਇਸਤਰੀ ਸੀ ਗਲਾ ਰਸੀਲਾ ਸੀ। ਆਤਮਾ ਵਿਚ ਭਗਤੀ ਦਾ ਜੋਸ਼ ਸੀ ਉਹ ਜਦੋਂ ਬਾਣੀ ਗਾਉਂਦੀ ਤਾਂ ਪੰਛੀਆਂ ਨੂੰ ਕੀਲ ਕੇ ਅਸਮਾਨੋਂ ਸੁਟੀ ਜਾਂਦੀ। ਰਾਮ ਨਾਮ ਸਿਮਰਨ ਦੇ ਬਲ ਨੇ ਸਚਮੁਚ ਉਸ ਨੂੰ ਝੱਲੀ ਕਰ ਦਿੱਤਾ। ਸਾਰੇ ਕਾਂਸ਼ੀ ਵਿਚ ਚਰਚਾ ਛਿੜ ਪਈ ਕਿ ਚਿਤੌੜ ਗੜ੍ਹ ਨਰੇਸ਼ ਦੀ ਰਾਣੀ ਝਾਲੀ ਬਾਈ ਰਵਿਦਾਸ ਜੀ ਦੀ ਚੇਲੀ ਬਣ ਗਈ ਹੈ। ਹਰਿ ਕੀਰਤਨ ਕਰਦੀ ਰਹਿੰਦੀ ਹੈ। ਸਾਰੀ ਦੌਲਤ ਲੁਟਾ ਦਿੱਤੀ ਸੂ। ਗਰੀਬਾਂ, ਹੱਟੀ ਵਾਲਿਆਂ, ਬ੍ਰਾਹਮਣਾਂ ਤੇ ਪੰਡਤਾਂ ਦੇ ਘਰੀਂ ਇਹੋ ਗੱਲਾਂ ਹੁੰਦੀਆਂ। ਹਜ਼ਾਰਾਂ ਲੋਕ ਦਰਸ਼ਨ ਕਰਨ ਵਾਸਤੇ ਆਉਂਦੇ ਦਰਸ਼ਨ ਕਰ ਕੇ ਨਾ ਮੁੜ ਜਾਂਦੇ ਸਗੋਂ ਉਸ ਦਾ ਕੀਰਤਨ ਸੁਣਦੇ।

ਪੂਰਾ ਮਹੀਨਾ ਕਾਂਸ਼ੀ ਰਹਿ ਕੇ ਰਾਣੀ ਝਾਲੀ ਬਾਈ ਆਪਣੇ ਵਤਨ ਮੁੜੀ। ਚਿਤੌੜ ਨੂੰ ਜਾ ਰਹੀ ਰਾਣੀ ਦੇ ਜੀਵਨ ਵਿਚ ਭਾਰੀ ਇਨਕਲਾਬ ਆ ਗਿਆ। ਚਿਹਰੇ ਉੱਤੇ ਚੌਗੁਣੀ ਰੌਣਕ ਤੇ ਲਾਲੀ ਸੀ। ਅੱਖਾਂ ਵਿਚ ਦੈਵੀ ਸਰੂਪ ਸੀ। ਉਹ ਪਾਲਕੀ ਵਿਚ ਬੈਠੀ ਰਾਮ ਭਜਨ ਗਾਈ ਜਾਂਦੀ ਸੀ। ਰਾਜ ਮਹਿਲਾਂ ਵਿਚ ਪੁੱਜੀ। ਆਪਣੇ ਕਮਰੇ ਨੂੰ ਮੰਦਰ ਦਾ ਰੂਪ ਬਣਾ ਦਿੱਤਾ। ਕਦੀ ਇਕੱਲੀ ਤੇ ਕਦੀ ਦਾਸੀਆਂ ਨੂੰ ਸੰਗ ਬਿਠਾ ਕੇ ਹਰੀ ਕੀਰਤਨ ਕਰਨ ਲੱਗੀ। ਸਾਰੇ ਚਿਤੌੜ ਵਿਚ ਚਰਚਾ ਚੱਲ ਪਈ ਕਿ ਰਾਣੀ ਝਾਲੀ ਬਾਈ ਭਗਤ ਰਵਿਦਾਸ ਦੀ ਚੇਲੀ ਬਣ ਗਈ। ਕੀਮਤੀ ਕੱਪੜੇ ਗਹਿਣੇ ਉਤਾਰ ਦਿੱਤੇ ਤੇ ਸੰਤਣੀਆਂ ਵਾਲਾ ਲਿਬਾਸ ਪਹਿਨ ਬੈਠੀ ਹੈ। ਪ੍ਰਭੂ ਦੇ ਗੁਣ ਗਾਉਂਦੀ ਰਹਿੰਦੀ ਹੈ।

ਪਾਪੀ ਆਤਮਾ ਕਾਂਸ਼ੀ ਦੇ ਬ੍ਰਾਹਮਣਾਂ ਨੂੰ ਬਹੁਤ ਦੁਖ ਹੋਇਆ ਕਿ ਝਾਲੀ ਰਾਣੀ ਨੇ ਧਨ ਪਦਾਰਥ ਉਨ੍ਹਾਂ ਦੀ ਭੇਟ ਨਹੀਂ ਕੀਤੇ। ਇਕ ਚਮਾਰ ਦੀ ਚੇਲੀ ਬਣ ਗਈ। ਉਸ ਨੂੰ ਸਭ ਕੁਝ ਸੌਂਪ ਗਈ। ਉਹ ਇਕੱਠੇ ਹੋ ਕੇ ਰਾਣਾ ਚਿਤੌੜ ਗੜ੍ਹ ਕੋਲ ਪੁੱਜੇ। ਰਾਣੇ ਨਾਲ ਮੁਲਾਕਾਤ ਹੋਈ ਤਾਂ ਪੰਡਤਾਂ ਨੇ ਨਿਉਂਕੇ ਰੋਣਾ ਸ਼ੁਰੂ ਕੀਤਾ–'ਮਹਾਰਾਜ ! ਹਨੇਰ ਹੋ ਗਿਆ। ਰਾਜੇ ਧਰਮ ਤੇ ਪਰਜਾ ਦੇ ਰਾਖੇ ਹੁੰਦੇ ਨੇ। ਧਰਮ ਦੀ ਮਰਿਆਦਾ ਨੂੰ ਪ੍ਰਤਾਪੀ ਭਗਤ ਤੇ ਰਾਜੇ ਹੀ ਤੋੜਨ ਲੱਗ ਪਏ ਤਾਂ ਧਰਮ ਕਿਵੇਂ ਬਚੇਗਾ?'

ਰਾਣਾ– 'ਮੈਂ ਆਪ ਲੋਕਾਂ ਦਾ ਭਾਵ ਨਹੀਂ ਸਮਝ ਸਕਿਆ, ਸਿੱਧੀ ਗੱਲ ਦੱਸੋ।'

ਪੰਡਤ– 'ਮਹਾਰਾਜ ! ਸਿੱਧੀ ਗੱਲ ਇਹ ਹੈ ਕਿ ਆਪ ਦੀ ਰਾਣੀ ਝਾਲੀ ਬਾਈ ਤੀਰਥ ਯਾਤਰਾ ਨੂੰ ਗਈ ਸੀ। ਕਾਂਸ਼ੀ ਦੇ ਰਹਿਣ ਵਾਲੇ ਚਮਾਰ ਰਵਿਦਾਸ ਨੂੰ ਆਪਣੇ ਗੁਰੂ ਧਾਰਨ ਕਰ ਆਈ ਹੈ। ਸਾਰੇ ਤੀਰਥਾਂ ਉੱਤੇ ਦਾਨ ਕਰਨ ਵਾਸਤੇ ਜੋ ਪਦਾਰਥ ਨਾਲ ਖੜ੍ਹੇ ਸੀ ਉਹ ਇਕੱਲੇ ਚਮਾਰ ਦੀ ਹੀ ਭੇਂਟ ਕਰ ਆਈ ਹੈ। ਇਹ ਹਨ੍ਹੇਰ ਹੈ, ਰਾਣੀ ਨੇ ਇਕ ਤਾਂ ਪੁਰਾਤਨ ਬਜ਼ੁਰਗਾਂ ਦੀ ਚਲਾਈ ਮਰਿਆਦਾ ਨੂੰ ਭੰਗ ਕੀਤਾ ਹੈ, ਦੂਸਰਾ ਉੱਚੀ ਕੁਲ ਦੀ ਰਾਜ

ਕੁਮਾਰੀ ਤੇ ਚਿਤੌੜ ਰਾਜ ਦੀ ਪਟਰਾਣੀ ਹੋ ਕੇ ਇਕ ਚਮਾਰ ਨੂੰ ਗੁਰੂ ਬਨਾਉਣਾ ਧਰਮ ਨਾਲ ਮਖੌਲ ਕਰਨਾ ਹੈ। ਚਮਾਰ ਦੇ ਲੰਗਰ ਵਿਚੋਂ ਪ੍ਰਸ਼ਾਦ ਛੱਕ ਕੇ ਤੇ ਚਰਨਾਮ੍ਰਿਤ ਪੀ ਕੇ ਜਨਮ ਭ੍ਰਿਸ਼ਟ ਕਰ ਬੈਠੀ ਹੈ। ਇਸ ਬਦਲੇ ਰਾਣੀ ਨੂੰ ਪ੍ਰਾਸਚਿਤ ਕਰਨਾ ਚਾਹੀਦਾ ਹੈ। ਨਹੀਂ ਤੇ ਕੁਲ ਨਾਸ ਹੋਣ ਦਾ ਡਰ ਹੈ। ਸਾਰੇ ਦੇਵਤੇ ਕ੍ਰੋਪ ਹਨ। ਅਸੀਂ ਕਾਂਸ਼ੀ ਦੇ ਵਿਦਵਾਨਾਂ ਤੇ ਗੁਰੂਆਂ ਵੱਲੋਂ ਪ੍ਰਤੀਨਿਧ ਹੁੰਦੇ ਹਾਂ। ਸਭ ਬੁਰਾ ਮਨਾਉਂਦੇ ਨੇ।'

ਰਾਣੀ ਝਾਲੀ ਨੇ ਰਾਜੇ ਨੂੰ ਗੁਰੂ ਧਾਰਨ ਕਰਨ ਦੀ ਸਾਖੀ ਨਹੀਂ ਸੀ ਸੁਣਾਈ। ਪੰਡਤਾਂ ਕੋਲੋਂ ਇਹ ਗੱਲ ਸੁਣ ਕੇ ਰਾਜਾ ਤੜਪ ਉਠਿਆ। ਉਸ ਵੇਲੇ ਦੀਵਾਨ ਖਾਨੇ ਵਿਚੋਂ ਉਠ ਕੇ ਰਾਣੀ ਦੇ ਮਹਿਲ ਨੂੰ ਗਿਆ। ਅੱਗੇ ਰਾਣੀ ਹਰੀ ਕੀਰਤਨ ਕਰਨ ਵਿਚ ਮਗਨ ਸੀ। ਉਹ ਰਵਿਦਾਸ ਜੀ ਦਾ ਇਹ ਸ਼ਬਦ ਗਾਇਨ ਕਰ ਰਹੀ ਸੀ–

**ਬੇਗਮ ਪੁਰਾ ਸਹਰ ਕੋ ਨਾਉ ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥**
**ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥**
**ਅਬ ਮੋਹਿ ਖੂਬ ਵਤਨ ਗਹ ਪਾਈ ॥**
**ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ ॥**
**ਦੋਮ ਨ ਸੇਮ ਏਕ ਸੋ ਆਹੀ ॥**
**ਆਬਾਦਾਨੁ ਸਦਾ ਮਸਹੂਰ ॥**
**ਊਹਾਂ ਗਨੀ ਬਸਹਿ ਮਾਮੂਰ ॥੨॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥**
**ਮਹਰਮ ਮਹਲ ਨ ਕੋਈ ਅਟਕਾਵੈ ॥**
**ਕਹਿ ਰਵਿਦਾਸ ਖਲਾਸ ਚਮਾਰਾ ॥**
**ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥**

(**ਗਉੜੀ ਰਵਦਿਾਸ ਜੀ**)

**ਇਸ ਦਾ ਪ੍ਰਮਾਰਥ** - ਭਗਵਾਨ ਦੇ ਅਸਥਾਨ ਦਾ ਨਾਮ ਬੇਗਮਪੁਰਾ ਹੈ। ਭਾਵ ਕਿ ਉਥੇ ਕੋਈ ਨਾ ਫ਼ਿਕਰ ਹੈ ਨਾ ਗ਼ਮ, ਨਾ ਕਸ਼ਟ ਤੇ ਨਾ ਕਿਸੇ ਨੂੰ ਮਾਮਲਾ ਦੇਣਾ ਪੈਂਦਾ ਹੈ। ਕੋਈ ਉਥੇ ਡਰਦਾ ਨਹੀਂ ਤੇ ਨਾ ਕਿਸੇ ਨੂੰ ਕੋਈ ਪੀੜ ਹੁੰਦੀ ਹੈ। ਸੁਖ ਹੀ ਸੁਖ ਹਨ। ਸ਼ਾਂਤੀ ਦਾ ਰਾਜ ਹੈ।

ਹੁਣ ਮੈਨੂੰ ਚੰਗੇ ਦੇਸ ਘਰ ਮਿਲਿਆ ਹੈ। ਉਥੇ ਸਤੇ ਖੈਰਾਂ ਹਨ। ਉਥੋਂ ਦੀ ਪਾਤਸ਼ਾਹੀ ਬਦਲਦੀ ਨਹੀਂ, ਉਹ ਅਮਰ ਪਾਤਸ਼ਾਹ ਹੈ। ਪਹਿਲਾ ਦੂਜਾ ਤੇ ਤੀਜਾ ਪਾਤਸ਼ਾਹ ਨਹੀਂ ਆਉਂਦਾ, ਪ੍ਰਮਾਤਮਾ ਦੀ ਭਗਤੀ ਵਾਲੇ ਪੂੰਜੀਪਤ ਉਥੇ ਬਹੁਤੇ ਰਹਿੰਦੇ ਨੇ, ਉਸ ਸ਼ਹਿਰ ਵਿਚ ਜਿਵੇਂ ਕਿਸੇ ਨੂੰ ਭਾਵੇਂ ਤਿਵੇਂ ਉਹ ਤੁਰੇ ਫਿਰੇ ਰੋਕ ਕੋਈ ਨਹੀਂ। ਜੋ ਵਾਹਿਗੁਰੂ ਦੇ ਭੇਤੀ ਹਨ ਉਨ੍ਹਾਂ ਵਾਸਤੇ ਖੁਲ੍ਹ ਹੈ। ਜਗਤ ਦੇ ਸਭ ਬੰਧਨਾਂ ਤੋਂ ਸੁਤੰਤਰ ਰਵਿਦਾਸ ਆਖਦਾ ਹੈ ਕਿ ਜਿਹੜਾ ਇਸ ਦੇਸ਼ ਦਾ ਵਾਸੀ ਹੈ ਉਹ ਅਸਾਡਾ ਸੱਚਾ ਮਿੱਤਰ ਹੈ।

ਸ਼ਬਦ ਦਾ ਭੋਗ ਪਿਆ ਸੁਭਾਵਕ ਹੀ ਰਾਣੀ ਨੇ ਪਿਛੇ ਮੁੜ ਕੇ ਦੇਖਿਆ ਤਾਂ ਰਾਣਾ ਜੀ ਪਿਛੇ ਖਲੋਤੇ ਹੋਏ ਦਿਖਾਈ ਦਿੱਤੇ। ਪਤੀ ਦੇ ਸਤਿਕਾਰ ਵਾਸਤੇ ਉਠ ਕੇ ਖਲੋ ਗਈ।

'ਮੈਂ ਸੁਣਿਆ ਹੈ ਕਿ ਤੂੰ ਰਵਿਦਾਸ ਚਮਾਰ ਨੂੰ ਗੁਰੂ ਧਾਰਨ ਕਰ ਆਈ ਹੈਂ?' ਰਾਣੇ ਨੇ ਪੁੱਛਿਆ।

'ਜੋ ਕੁਣ ਸੁਣਿਆਂ ਹੈ ਸੋ ਠੀਕ ਹੈ।' ਰਾਣੀ ਨੇ ਗੰਭੀਰਤਾ ਨਾਲ ਉੱਤਰ ਦਿੱਤਾ ਤੇ ਨਾਲ ਹੀ ਅੱਖਾਂ ਨੀਵੀਆਂ ਕਰ ਲਈਆਂ।

'ਬਹੁਤ ਬੁਰਾ ਕੀਤਾ ਈ, ਧਰਮ ਭ੍ਰਿਸ਼ਟ ਕਰ ਲਿਆ। ਵੱਡੇ ਵਡੇਰਿਆਂ ਦੀ ਕੁਲ ਰੀਤੀ ਨੂੰ ਭੁੱਲ ਗਈ। ਬ੍ਰਾਹਮਣ ਤੋਂ ਬਿਨਾਂ ਕੋਈ ਗੁਰੂ ਨਹੀਂ ਹੋ ਸਕਦਾ। ਕਾਂਸ਼ੀ ਦੇ ਬ੍ਰਾਹਮਣ ਆਏ ਨੇ ਉਹ ਆਖਦੇ ਨੇ ਕਾਂਸ਼ੀ ਵਿਚ ਚਰਚਾ ਹੈ। ਲੋਕ ਮੇਰੀ ਤੇ ਤੇਰੀ ਨਿੰਦਾ ਕਰ ਰਹੇ ਹਨ। ਪੰਡਤ ਆਖਦੇ ਨੇ ਰਾਣੀ ਨੂੰ ਪ੍ਰਾਸਚਿਤ ਕਰਨਾ ਪਵੇਗਾ।'

'ਨਹੀਂ, ਮੈਂ ਪ੍ਰਾਸਚਿਤ ਨਹੀਂ ਕਰਾਂਗੀ। ਮੈਂ ਕੋਈ ਮਾੜਾ ਕਰਮ ਨਹੀਂ ਕੀਤਾ। ਸਭ ਮਨੁੱਖ ਭਗਵਾਨ ਦੀ ਅੰਸ ਹਨ। ਪੰਡਤ ਝੂਠੇ ਤੇ ਲਾਲਚੀ ਹਨ। ਰਵਿਦਾਸ ਵੱਡਾ ਭਗਤ ਹੈ। ਇਮਤਿਹਾਨ ਵੇਲੇ ਓਹੋ ਹੀ ਪਾਸ ਹੋਇਆ ਸੀ। ਗੰਗਾ ਪਾਰ ਤੋਂ ਪੱਥਰ ਦੀਆਂ ਮੂਰਤਾਂ ਉਸੇ ਦੀ ਗੋਦ ਵਿਚ ਆਈਆਂ ਸਨ। ਬ੍ਰਾਹਮਣਾਂ ਉਤੇ ਭਗਵਾਨ ਖੁਸ਼ ਨਹੀਂ। ਕੀ ਹੋ ਗਿਆ ਰਵਿਦਾਸ ਦਾ ਜੀਵਨ ਨੀਚ ਜਾਤੀ ਦੇ ਘਰ ਹੋਇਆ ਹੈ ਪਰ ਉਸ ਨੇ ਭਗਤੀ ਕਰਕੇ ਤਾਂ ਆਪਣੇ ਆਪ ਨੂੰ ਸਵਰਨ ਬਣਾ ਲਿਆ ਹੈ। ਸੋਨੇ ਨੂੰ ਮੈਲ ਨਹੀਂ ਲੱਗਦੀ। ਉਹ ਭਾਵੇਂ ਗੰਦੀਆਂ ਨਾਲੀਆਂ ਵਿਚ ਪਿਆ ਰਹੇ। ਅਸਾਂ ਸੋਨੇ ਦੀ ਡਲੀ ਵੱਲ ਦੇਖਣਾ ਹੈ ਗੰਦ ਵੱਲ ਨਹੀਂ ਤੱਕਣਾ। ਸਵਾਮੀ ਜੀ ਪੰਡਤ ਤੁਸਾਂ ਨੂੰ ਭੁਲੇਖੇ ਨਾਲ ਠੱਗਣ ਆਏ ਨੇ। ਉਨ੍ਹਾਂ ਨੂੰ ਰੁਪਏ ਦਿਓ ਸੋਨਾ ਦਾਨ ਕਰੋ। ਕਾਂਸ਼ੀ ਵਿਚ ਭਗਵਾਨ ਪੰਡਤਾਂ ਕੋਲ ਨਹੀਂ ਮੈਂ ਦੇਖ ਆਈ ਹਾਂ। ਰਵਿਦਾਸ ਗੁਰੂ ਹੈ, ਉਹਨਾਂ ਮੈਨੂੰ ਸੱਚਾ ਭਗਤੀ ਮਾਰਗ ਦੱਸਿਆ। ਭਗਵਾਨ ਦੇ ਬਹੁਤ ਨੇੜੇ ਕੀਤਾ ਹੈ। ਮੇਰਾ ਭਗਵਾਨ ਮੈਨੂੰ ਰੋਜ਼ ਦਰਸ਼ਨ ਦੇਂਦਾ ਹੈ। ਮੈਂ ਰਵਿਦਾਸ ਜੀ ਦੀ ਨਿੰਦਾ ਨਹੀਂ ਸੁਣ ਸਕਦੀ। ਜਾਓ! ਉਨ੍ਹਾਂ ਨੂੰ ਕਹਿ ਦਿਓ! ਜਗਤ ਨੂੰ ਆਖ ਦਿਓ, ਸ਼ਹਿਰ ਵਿਚ ਢੰਡੋਰਾ ਪਿਟਵਾ ਦਿਓ ਕਿ ਰਾਣੀ ਝਾਲੀ ਰਵਿਦਾਸ ਚਮਾਰ ਦੀ ਚੇਲੀ ਹੈ।'

ਪਿਛਲੇ ਵਾਕ ਰਾਣੀ ਝਾਲੀ ਨੇ ਕ੍ਰੋਧ ਤੇ ਜੋਸ਼ ਨਾਲ ਆਖੇ। ਉਹਦਾ ਸਰੀਰ ਕੰਬਣ ਲੱਗ ਪਿਆ। ਅੱਖਾਂ ਵਿਚ ਚੰਡੀ ਵਰਗੀ ਜਵਾਲਾ ਚਮਕੀ। ਬਾਹੀਂ ਆਕੜ ਗਈਆਂ। ਰਾਣੀ ਦੀ ਸੱਚੀ ਭਗਤੀ ਅੱਗੇ ਰਾਣਾ ਉਭਾਸਰ ਨ ਸਕਿਆ। ਉਸ ਨੇ ਨੀਵੀਂ ਪਾ ਲਈ, ਉਸ ਦਾ ਗੁੱਸਾ ਠੰਢਾ ਹੋ ਗਿਆ। ਦੂਸਰਾ ਉਹ ਰਾਣੀ ਨਾਲ ਬਹੁਤ ਪਿਆਰ ਕਰਦਾ ਸੀ। ਰਾਣੀ ਦੇ ਵਿਰੁੱਧ ਹੋਣਾ ਉਸ ਦੇ ਵਾਸਤੇ ਸੌਖਾ ਨਹੀਂ ਸੀ। ਉਹ ਜਿੰਨੀ ਸੁੰਦਰ, ਜੁਆਨ, ਮਿੱਠ ਬੋਲੀ ਸੀ ਉੱਨੀ ਹੀ ਪਤੀਬ੍ਰਤਾ ਸੀ।

ਰਾਣਾ ਇਕੱਲਾ ਪਿੱਛੇ ਮੁੜਨ ਲੱਗਾ ਤਾਂ ਰਾਣੀ ਨੇ ਆਖਿਆ– 'ਠਹਿਰੋ, ਮੈਂ ਵੀ ਨਾਲ ਚੱਲਦੀ ਹਾਂ। ਮੈਂ ਆਪ ਪੰਡਤਾਂ ਨੂੰ ਦੱਸਦੀ ਹਾਂ ਕਿ ਉਹ ਕਿਹੜਾ ਮੂੰਹ ਲੈ ਕੇ ਭਗਤ ਰਵਿਦਾਸ ਜੀ ਦੀ ਵਿਰੋਧਤਾ ਕਰਦੇ ਫਿਰਦੇ ਹਨ।' ਰਾਣੀ ਨਾਲ ਤੁਰ ਪਈ। ਰਾਣੇ ਦੇ ਆਖਣ ਤੇ ਵੀ ਨਾ ਰੁਕੀ। ਦੋਵੇਂ ਉਸ ਅਸਥਾਨ ਉਥੇ ਆ ਗਏ, ਜਿਥੇ ਪੰਡਤ ਬੈਠੇ ਸਨ। ਝਰੋਖੇ ਵਿਚ ਖਲੋ ਕੇ ਪੜਦੇ ਓਹਲੇ ਰਾਣੀ ਨੇ ਪੰਡਤਾਂ ਨੂੰ ਆਖਿਆ– 'ਪੂਜਯ ਪੰਡਤੋ! ਕੀ ਤੁਸਾਂ ਨੂੰ ਏਹੋ ਦੁੱਖ ਹੈ ਨਾ ਕਿ ਮੈਂ ਸਾਰਾ ਧਨ ਪਦਾਰਥ ਭਗਤ ਰਵਿਦਾਸ ਜੀ ਦੇ ਹਵਾਲੇ ਕਰ ਦਿੱਤਾ ਹੈ, ਤੁਹਾਨੂੰ ਦਾਨ ਨਾ ਦਿੱਤਾ!'

ਦੋ ਪੰਡਤ– 'ਹਾਂ, ਠੀਕ ਹੈ! ਅਸਾਂ ਨੂੰ ਦਾਨ ਮਿਲਣਾ ਚਾਹੀਦਾ ਸੀ।'

ਰਾਣੀ– 'ਹੋਰ ਤਾਂ ਕੋਈ ਗੁੱਸਾ ਨਹੀਂ!'

ਪੰਡਤ – 'ਨਹੀਂ, ਹੋਰ ਅਸਾਨੂੰ ਕੀ ਗੁੱਸਾ ਹੋ ਸਕਦਾ ਹੈ। ਦਾਨ ਲੈਣ ਦਾ ਅਸਾਡਾ ਹੱਕ ਹੈ ਸੋ ਅਸਾਨੂੰ ਮਿਲਣਾ ਚਾਹੀਦਾ ਹੈ।'

ਰਾਣੀ– 'ਦੋ ਦੋ ਸੌ ਸੋਨੇ ਦੀਆਂ ਮੋਹਰਾਂ ਇਕੱਲੇ-ਇਕੱਲੇ ਨੂੰ ਮਿਲ ਜਾਣਗੀਆਂ। ਪਰ ਸੱਚੋ ਸੱਚ ਇਹ ਦੱਸੋ ਰਵਿਦਾਸ ਦੀ ਗੋਦ ਵਿਚ ਦੇਵਤੇ ਆ ਗਏ ਸਨ?'

ਪੰਡਤ – 'ਹਾਂ ਜੀ ਆਏ ਸੀ।'

ਰਾਣੀ – 'ਫਿਰ ਉਹ ਵੱਡਾ ਭਗਤ ਹੈ। ਕਿਸੇ ਨਾਲ ਈਰਖਾ ਨਹੀਂ ਕਰਦਾ। ਜਾਓ ਦਾਨ ਮਿਲ ਜਾਂਦਾ ਹੈ। ਮੇਰਾ ਰਾਣਾ ਜਿੰਨੀ ਮੇਰੀ ਗੱਲ ਸੁਣ ਸਕਦਾ ਹੈ, ਓਨੀ ਤੁਸਾਂ ਦੀ ਨਹੀਂ ਸੁਣਦਾ। ਮੇਰਾ ਪਤੀ ਹੈ।'

ਪੰਡਤਾਂ ਦਾ ਡੈਪੂਟੇਸ਼ਨ ਪਿਛੇ ਮੁੜ ਪਿਆ। ਝਾਲੀ ਦੇ ਰਾਮ ਨੇ ਉਸ ਦੇ ਪਤੀ ਨੂੰ ਠੰਡਾ ਰੱਖਿਆ। ਪੰਡਤ ਬਹੁਤ ਸ਼ਰਮਿੰਦੇ ਹੋਏ।

ਰਾਣੀ ਝਾਲੀ ਨੇ ਰਾਣਾ ਸਾਹਿਬ ਨੂੰ ਪ੍ਰੇਰ ਕੇ ਰਵਿਦਾਸ ਜੀ ਦਾ ਸ਼ਰਧਾਲੂ ਬਣਾ ਦਿੱਤਾ। ਦੋਹਾਂ ਜੀਆਂ ਨੇ ਫੈਸਲਾ ਕਰ ਕੇ ਰਵਿਦਾਸ ਜੀ ਨੂੰ ਚਿਤੌੜ ਸੱਦਿਆ। ਪ੍ਰੇਮ ਤੇ ਭਗਤੀ ਦੇ ਭੁੱਖੇ ਰਵਿਦਾਸ ਜੀ ਸੁਨੇਹਾ ਮਿਲਦੇ ਸਾਰ ਚਿਤੌੜ ਨੂੰ ਤੁਰ ਪਏ। ਰਾਹ ਵਿਚ ਆਪਣੇ ਮਿਸ਼ਨ ਦਾ ਪ੍ਰਚਾਰ ਕਰਦੇ ਹੋਏ ਰਵਿਦਾਸ ਜੀ ਚਿਤੌੜ ਪੁੱਜੇ। ਰਾਜ ਮਹੱਲ ਦਾ ਇਕ ਹਿੱਸਾ ਉਨ੍ਹਾਂ (ਰਵਿਦਾਸ) ਵਾਸਤੇ ਖਾਲੀ ਕਰਾ ਦਿੱਤਾ। ਪੂਜਾ ਦੀ ਸਮੱਗਰੀ ਮੰਗਵਾਈ ਗਈ ਤੇ ਭੰਡਾਰੇ ਖਾਲੀ ਕੀਤੇ ਗਏ। ਗਰੀਬ ਗੁਰਬੇ ਨੂੰ ਅੰਨ ਤੇ ਕੱਪੜਾ ਦਿੱਤਾ ਗਿਆ।

ਰਵਿਦਾਸ ਜੀ ਦੇ ਰਾਜ ਮਹੱਲ ਪੁੱਜਣ ਤੇ ਰਾਣੀ ਨੇ ਸੰਤਾਂ, ਪੰਡਤਾਂ ਤੇ ਵਿਦਵਾਨਾਂ ਨੂੰ ਸੱਦ ਕੇ ਇਕ ਵੱਡਾ ਯੱਗ ਕਰਨਾ ਚਾਹਿਆ। ਰਾਣੀ ਦੀ ਸਲਾਹ ਅਮਲ ਵਿਚ ਆ ਗਈ। ਯੱਗ ਦਾ ਪ੍ਰਬੰਧ ਕੀਤਾ ਗਿਆ। ਸ਼ਹਿਰ ਵਿਚ ਪੰਡਤ, ਜੋਤਸ਼ੀ ਵਿਦਵਾਨਾਂ ਤੇ ਸ਼ਹਿਰ ਦੇ ਪਤਵੰਤਿਆਂ ਨੂੰ ਯੱਗ ਵਿਚ ਪ੍ਰਸ਼ਾਦ ਛਕਣ ਦਾ ਨਿਓਤਾ ਦਿੱਤਾ ਗਿਆ। ਰਾਣਾ ਚਿਤੌੜ ਦਾ ਨਿਓਤਾ ਭਲਾ ਸ਼ਾਮਲ ਹੋਣ ਤੋਂ ਨਾਂਹ ਕੌਣ ਕਰੇ। ਯੱਗ ਵਾਲੇ ਦਿਨ ਸਭ ਇਕੱਠੇ ਹੋ ਗਏ। ਪੰਗਤਾਂ ਲੱਗ ਗਈਆਂ। ਜਦੋਂ ਪ੍ਰਸ਼ਾਦ ਵਰਤਾਉਣ ਲੱਗੇ ਤਾਂ ਦੋਹਾਂ ਸੰਤਾਂ ਤੇ ਪੰਡਤਾਂ ਨੇ ਇਸ ਗੱਲ ਦੀ ਵਿਰੋਧਤਾ ਕੀਤੀ ਕਿ 'ਰਵਿਦਾਸ ਪੰਗਤ ਵਿਚ ਕਿਉਂ ਬੈਠਦਾ ਹੈ। ਇਹ ਚਮਾਰ ਹੈ। ਅਸੀਂ ਧਰਮ ਭ੍ਰਿਸ਼ਟ ਨਹੀਂ ਕਰਵਾਵਾਂਗੇ।'

ਸੰਤ ਦੇ ਇਹ ਕੌੜੇ ਬਚਨ ਰਵਿਦਾਸ ਜੀ ਨੇ ਵੀ ਸੁਣ ਲਏ ਪਰ ਉਹ ਕ੍ਰੋਧਵਾਨ ਨਹੀਂ ਹੋਏ, ਮੁਕਰਾਉਂਦੇ ਰਹੇ। ਭਗਤੀ ਦੇ ਨਾਲ ਰਵਿਦਾਸ ਜੀ ਲੋਕਾਂ ਦਾ ਸੁਧਾਰ ਵੀ ਕਰਦੇ ਸਨ। ਉਨ੍ਹਾਂ ਨੇ ਰਾਣੀ ਨੂੰ ਕੋਲ ਸੱਦ ਕੇ ਕਿਹਾ 'ਦੁੱਧ ਵਿਚ ਕਾਂਜੀ ਘੋਲਣੀ ਚੰਗੀ ਨਹੀਂ। ਮੈਂ ਪੰਗਤ ਵਿਚ ਨਹੀਂ ਬੈਠਦਾ ਤੁਸੀਂ ਸੰਤਾਂ ਪੰਡਤਾਂ ਤੇ ਹੋਰ ਆਏ ਪ੍ਰਾਹੁਣਿਆਂ ਨੂੰ ਭੋਜਨ ਛਕਾਓ।' ਰਾਣੀ ਨੇ ਅੱਗੋਂ ਉੱਤਰ ਦਿੱਤਾ– 'ਗੁਰਦੇਵ! ਇਹ ਨਹੀਂ ਹੋ ਸਕਦਾ। ਜੇ ਮੇਰੇ ਗੁਰਦੇਵ ਪੰਗਤ ਵਿਚ ਬੈਠ ਕੇ ਨਾ ਪ੍ਰਸ਼ਾਦ ਛਕਣ ਤਾਂ ਮੇਰਾ ਛਕਾਇਆ ਪ੍ਰਸ਼ਾਦ ਨਿਸਫਲ ਜਾਏਗਾ।'

ਰਵਿਦਾਸ ਜੀ ਨੇ ਰਾਣੀ ਤੇ ਰਾਣੇ ਨੂੰ ਸਮਝਾ ਲਿਆ ਕਿ ਰਾਮ ਦਾ ਕੌਤਕ ਦੇਖਣ। ਭੁਲੇ ਲੋਕਾਂ ਨੂੰ ਰਾਹੇ ਵੀ ਤਾਂ ਕਿਸੇ ਢੰਗ ਨਾਲ ਪਾਉਣਾ ਹੋਇਆ।

ਰਾਣਾ ਸਾਹਿਬ ਨੇ ਪੰਗਤ ਵਿਚ ਜਾ ਕੇ ਆਖਿਆ– 'ਗੁਰਦੇਵ ਅਜੇ ਭੋਜਨ ਨਹੀਂ ਕਰਨਗੇ। ਆਪ ਲੋਕ ਅਝੱਕ ਤੇ ਨਿਡਰ ਭੋਜਨ ਛਕਣਾ ਸ਼ੁਰੂ ਕਰੀਏ।' ਰਾਣੇ ਦਾ ਇਹ ਹੁਕਮ ਪਾ ਕੇ ਜਾਂ ਪੰਗਤ ਨੇ ਭੋਜਨ ਛਕਣਾ ਸ਼ੁਰੂ ਕੀਤਾ ਤਾਂ ਕੀ ਦੇਖਦੇ ਹਨ ਕਿ ਹਰ ਪੰਡਤ, ਸੰਤ ਤੇ ਸ਼ਰਧਾਲੂ ਦੇ ਨਾਲ ਰਵਿਦਾਸ ਜੀ ਬੈਠੇ ਭੋਜਨ ਛਕ ਰਹੇ ਸਨ। ਉਨ੍ਹਾਂ ਨੇ ਰਵਿਦਾਸ ਜੀ ਨੂੰ ਨਾਲ ਬੈਠਿਆਂ ਦੇਖ ਕੇ ਸ਼ੋਰ ਮਚਾ ਦਿੱਤਾ ਕਿ ਅਸੀਂ ਭੋਜਨ ਨਹੀਂ ਛਕਣਾ। ਰਵਿਦਾਸ ਕਿਉਂ ਪੰਗਤ ਵਿਚ ਆਇਆ ਹੈ। ਪਰ ਭੋਜਨ ਛਕਣ ਵਾਲਿਆਂ ਤੋਂ ਬਿਨਾਂ ਕਿਸੇ ਹੋਰ ਨੂੰ ਦਿਖਾਈ ਨਹੀਂ ਸਨ ਦੇਂਦੇ। ਵਰਤਾਵਿਆਂ ਨੇ ਆਖਿਆ ਮਹਾਰਾਜ ਭੋਜਨ ਕਰੀਏ। ਉਹ ਤਾਂ ਮਹਿਲ ਵਿਚ ਬੇਫ਼ਿਕਰ ਬਿਰਾਜਮਾਨ ਹਨ।

ਸਾਰੇ ਪੰਡਤ ਤੇ ਜੋਤਸ਼ੀ– 'ਕੀ ਆਪ ਨੂੰ ਨਹੀਂ ਦਿਸਦਾ।'

ਵਰਤਾਵੇ– 'ਨਹੀਂ ਜੀ! ਇਥੇ ਤਾਂ ਕਿਸੇ ਥਾਲ ਵਿਚ ਵੀ ਦੋ ਪੁਰਸ਼ਾਂ ਨੂੰ ਭੋਜਨ ਨਹੀਂ ਛਕਾਇਆ ਜਾ ਰਿਹਾ। ਹਰ ਥਾਲੀ ਵਾਲੇ ਨੂੰ ਆਪਣੀ ਥਾਲੀ ਲਾਗੇ ਬੈਠੇ ਹੋਏ ਰਵਿਦਾਸ ਜੀ ਦਿਸਦੇ ਸਨ, ਦੂਸਰੇ ਦੇ ਨਾਲ ਬੈਠੇ ਹੋਏ ਨਹੀਂ ਸੀ ਦਿਸਦੇ। ਵਰਤਾਵਿਆਂ ਤੇ ਦਰਸ਼ਕਾਂ ਨੇ ਆਖਿਆ ਕਿਉਂ ਝੂਠ ਬੋਲਦੇ ਜੇ ਰਵਿਦਾਸ ਜੀ ਤਾਂ ਅੰਦਰ ਹਨ। ਨਾਲੇ ਹਜ਼ਾਰਾਂ ਪੁਰਸ਼ਾਂ ਨਾਲ ਉਹ ਕਿਵੇਂ ਬੈਠ ਸਕਦੇ ਹਨ। ਆਖ਼ਰ ਉਹ ਹੈਨ ਤਾਂ ਇਕੱਲੇ ਨਾ।

ਸਿਆਣਾ ਪੰਡਤ ਹੱਥ ਜੋੜ ਖਲੋਤਾ– 'ਮੈਂ ਰਾਮ ਦੀ ਮਾਇਆ ਦੇ ਬਲਿਹਾਰ ਜਾਂਦਾ ਹਾਂ। ਰਵਿਦਾਸ ਜੀ ਨੂੰ ਸੱਦੋ। ਪੰਗਤ ਵਿਚ ਬੈਠਾਓ, ਅਸੀਂ ਭੁੱਲ ਦੀ ਖਿਮਾਂ ਮੰਗਦੇ ਹਾਂ। ਆਪ ਪੂਰਨ ਭਗਤ ਹਨ। ਅਸੀਂ ਪਾਪੀ ਬੰਦੇ ਹਾਂ, ਸੱਦੋ ਤਦ ਹੀ ਪ੍ਰਸ਼ਾਦ ਛਕਾਂਗੇ।'

ਇਸ ਪੰਡਤ ਦੀ ਆਵਾਜ਼ ਦੇ ਵਿਰੁਧ ਕੋਈ ਨਾ ਬੋਲਿਆ। ਜਿਸ ਤੋਂ ਭਾਵ ਸੀ ਕਿ ਸਾਰੇ ਸਹਿਮਤ ਹੋ ਗਏ ਨੇ ਕਿਉਂਕਿ ਭਗਵਾਨ ਜੀ ਨੇ ਉਨ੍ਹਾਂ ਨੂੰ ਹੱਥ ਉਤੋਂ ਸਰ੍ਹੋਂ ਜਮਾ ਕੇ ਦਿਖਾ ਦਿੱਤੀ। ਰਵਿਦਾਸ ਜੀ ਪੰਗਤ ਵਿਚ ਆਏ। ਉਛੇ ਆਸਣ ਉਤੇ ਉਨ੍ਹਾਂ ਨੂੰ ਬਿਠਾਇਆ ਗਿਆ। ਭੋਜਨ ਪਰੋਸ ਕੇ ਥਾਲ ਅੱਗੇ ਰੱਖਿਆ। ਭਗਤ ਜੀ ਪ੍ਰਸ਼ਾਦ ਛਕਣ ਲੱਗੇ. ਪੰਡਤਾਂ ਵੀ ਛਕਿਆ, ਸੰਤ ਤੇ ਮਹਾਤਮਾ ਵੀ ਬੈਠੇ ਖਾਂਦੇ ਰਹੇ। ਹਰ ਪਾਸਿਓਂ ਸੱਦ ਉਠ ਰਹੀ ਸੀ, 'ਧੰਨ ਰਵਿਦਾਸ ਭਗਤ! ਜੈ ਹੋ ਰਵਿਦਾਸ ਭਗਤ ਜੀ ਦੀ।'

ਰਵਿਦਾਸ ਜੀ ਚਿਤੌੜ ਬਹੁਤ ਚਿਰ ਰਹੇ। ਮੀਰਾਂ ਬਾਈ ਵੀ ਉਨ੍ਹੀਂ ਦਿਨੀਂ ਹੀ ਰਵਿਦਾਸ ਜੀ ਦੀ ਚੇਲੀ ਬਣੀ ਜੋ ਕ੍ਰਿਸ਼ਨ ਭਗਤੀ ਵਿਚ ਬਹੁਤ ਮਸ਼ਹੂਰ ਹੋਈ ਹੈ।


ਰਵਿਦਾਸ ਜੀ ਬਹੁਤ ਵੱਡੇ ਪ੍ਰਮਾਤਮਾ ਭਗਤ ਸਨ। ਭਗਵਾਨ ਉਨ੍ਹਾਂ ਉੱਤੇ ਦਿਆਲ ਸੀ। ਜੋ ਸੇਵਕ ਉਨ੍ਹਾਂ ਦੀ ਕਥਾ ਪ੍ਰੇਮ ਨਾਲ ਸੁਣੇ ਅਤੇ ਜਾਤ ਪਾਤ ਦੇ ਭਰਮਾਂ ਤੋਂ ਸੁਤੰਤਰ ਹੋ ਕੇ ਹਰ ਜਾਤ ਦੇ ਪੁਰਸ਼ ਨਾਲ ਪਿਆਰ ਕਰੇ ਭਗਵਾਨ ਨੂੰ ਚੇਤੇ ਰੱਖੇ, ਉਸ ਦਾ ਜ਼ਰੂਰ ਕਲਿਆਨ ਹੋਵੇਗਾ। ਉਹ ਜਨਮ ਮਰਨ ਤੇ ਚੌਰਾਸੀ ਦੇ ਗੇੜ ਵਿਚ ਨਹੀਂ ਆਵੇਗਾ। ਸਭ ਜੀਵ ਜੰਤੂ ਕੀੜੇ ਮਕੌੜੇ ਅਤੇ ਬਨਾਸਪਤੀ ਸਭ ਭਗਵਾਨ ਕ੍ਰਿਤ ਹਨ। ਕਿਸੇ ਨਾਲ ਘਿਰਨਾ ਨਹੀਂ ਕਰਨੀ ਚਾਹੀਦੀ। ਵਾਹਿਗੁਰੂ ਦਾ ਸਿਮਰਨ ਕਰਨਾ ਚਾਹੀਦਾ ਹੈ। ਫਿਰ ਰਵਿਦਾਸ ਜੀ ਦੇ ਕਥਨ ਅਨੁਸਾਰ ਪ੍ਰਮਾਤਮਾ ਨਾਲ ਇਕ ਮਿਕ ਹੋ ਜਾਈਦਾ ਹੈ–

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥**
**ਕਨਕ ਕਟਿਕ ਜਲ ਤਰੰਗ ਜੈਸਾ ॥੧॥**

(**ਸਿਰੀਰਾਗੁ**)

# ਸ਼ਹੀਦ ਬਾਬਾ ਦੀਪ ਸਿੰਘ ਜੀ ਨਾਲ ਸੰਬੰਧਿਤ ਇਤਿਹਾਸਕ ਸਥਾਨ

**ਸ. ਸਿਮਰਜੀਤ ਸਿੰਘ**



ਸ਼ਹੀਦ ਮਿਸਲ ਦੇ ਬਾਨੀ ਅਤੇ ਦਮਦਮੀ ਟਕਸਾਲ ਦੇ ਸੰਸਥਾਪਕ ਬਾਬਾ ਦੀਪ ਸਿੰਘ ਜੀ ਦਾ ਜਨਮ ਸੰਨ 1682ਈ: ਵਿਚ ਪਿਤਾ ਭਾਈ ਭਗਤਾ ਜੀ ਦੇ ਘਰ ਮਾਤਾ ਜੀਉਣੀ ਜੀ ਦੀ ਕੁੱਖੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਪਹੂਵਿੰਡ ਵਿਚ ਹੋਇਆ। ਬਾਬਾ ਜੀ ਨੇ ਸਿੱਖ ਪੰਥ ਦੇ ਵਿਕਾਸ ਲਈ ਬਹੁਤ ਉੱਦਮ ਕੀਤਾ ਅਤੇ ਧਰਮ ਲਈ ਆਪਣੇ ਪ੍ਰਾਣਾਂ ਦੀ ਭੇਟ ਚੜ੍ਹਾ ਕੇ ਸਿੱਖ ਪੰਥ ਦੇ ਸ਼ਹੀਦਾਂ ਵਿਚ ਸਿਰਮੌਰ ਸਥਾਨ ਪ੍ਰਾਪਤ ਕੀਤਾ। ਸਿੱਖ ਪੰਥ ਵਿਚ ਬਾਬਾ ਦੀਪ ਸਿੰਘ ਜੀ ਪ੍ਰਤੀ ਬਹੁਤ ਸ਼ਰਧਾ ਅਤੇ ਸਤਿਕਾਰ ਹੈ। ਜਿਸ ਸਥਾਨ ਨਾਲ ਉਨ੍ਹਾਂ ਦਾ ਸੰਬੰਧ ਰਿਹਾ, ਉੱਥੇ ਦੇ ਲੋਕਾਂ ਨੇ ਉਨ੍ਹਾਂ ਦੀ ਯਾਦ ਨੂੰ ਸਦਾ ਲਈ ਤਾਜ਼ਾ ਰੱਖਣ ਲਈ ਉਨ੍ਹਾਂ ਦੀਆਂ ਯਾਦਗਾਰਾਂ ਬਣਾਈਆਂ ਹੋਈਆਂ ਹਨ ਜਿੱਥੇ ਉਹ ਸਮੇਂ ਸਮੇਂ ਇਕੱਠੇ ਹੋ ਕੇ ਆਪਣੇ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਉਨ੍ਹਾਂ ਦੀਆਂ ਬਣੀਆਂ ਯਾਦਗਾਰਾਂ ਵਿੱਚੋਂ ਕੁਝ ਦਾ ਵਰਣਨ ਇੱਥੇ ਕੀਤਾ ਜਾ ਰਿਹਾ ਹੈ।

**ਜਨਮ ਸਥਾਨ ਬਾਬਾ ਦੀਪ ਸਿੰਘ ਜੀ** :- ਬਾਬਾ ਦੀਪ ਸਿੰਘ ਜੀ ਦਾ ਜਨਮ ਸਥਾਨ ਪਿੰਡ ਪਹੂਵਿੰਡ ਹੈ ਜੋ ਕਿ ਅੰਮ੍ਰਿਤਸਰ ਤੋਂ ੧੯ ਕਿਲੋਮੀਟਰ ਦੂਰ ਝਬਾਲ ਅਤੇ ਝਬਾਲ ਤੋਂ ੧੬ ਕਿਲੋਮੀਟਰ ਦੂਰ ਅਤੇ ਭਿੱਖੀਵਿੰਡ ਤੋਂ ੩ ਕਿਲੋਮੀਟਰ ਦੂਰ ਸਥਿਤ ਹੈ। ਇਸ ਪਿੰਡ ਬਾਰੇ ਕਿਹਾ ਜਾਂਦਾ ਹੈ ਕਿ ਬਾਬਾ ਪੋਹੂ ਨੇ ਇਹ ਪਿੰਡ ਵਸਾਇਆ ਸੀ। ਬਾਬਾ ਪੋਹੂ ਇਸ ਪਿੰਡ ਤੋਂ ਲੱਗਭਗ ੩ ਕਿਲੋਮੀਟਰ ਦੀ ਦੂਰੀ 'ਤੇ ਭਿੱਖੀਵਿੰਡ ਵਿਚ ਰਹਿੰਦਾ ਸੀ। ਭਿੱਖੀਵਿੰਡ ਦੇ ਮੁਸਲਮਾਨ ਰੰਘੜ ਬਾਬਾ ਪੋਹੂ ਨੂੰ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸਨ ਜਿਸ ਕਾਰਨ ਉਹ ਭਿੱਖੀਵਿੰਡ ਛੱਡ ਕੇ ਇੱਥੇ ਆ ਗਿਆ ਜਿੱਥੇ ਉਸ ਦੇ ਨਾਂ 'ਤੇ ਇਹ ਪਿੰਡ ਪਹੂਵਿੰਡ ਸਥਾਪਿਤ ਹੋ ਗਿਆ। ਬਾਬਾ ਪੋਹੂ ਦੀ ਆਪਣੀ ਕੋਈ ਔਲਾਦ ਨਹੀਂ ਸੀ। ਉਸ ਦੇ ਭਤੀਜੇ ਦਾਨਾ, ਮਿਰਜਾ, ਵਸਾਊ ਤੇ ਬਿੰਨਾ ਸਨ। ਇਨ੍ਹਾਂ ਚੌਹਾਂ ਦੇ ਨਾਂ 'ਤੇ ਪਿੰਡ ਦੀਆਂ ਚਾਰ ਪੱਤੀਆਂ ਅਬਾਦ ਹੋਈਆਂ। ਇਸ ਸਮੇਂ ਪਿੰਡ ਪਹੂਵਿੰਡ ਵਿਚ ਬਾਬੇ ਪੋਹੂ ਦੇ ਸੰਧੂ ਖਾਨਦਾਨ ਦੇ ੧੫੦ ਦੇ ਲੱਗਭਗ ਘਰ ਵੱਸਦੇ ਹਨ। ਇਸ ਪਿੰਡ ਦੀ ਅਬਾਦੀ ਵਿਚ ਦੂਸਰੇ ਥਾਂ 'ਤੇ ਖਹਿਰੇ ਜੱਟ ਸਨ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਇੱਥੋਂ ਉੱਠ ਕੇ ਲੱਗਭਗ ੨੦ ਕਿਲੋਮੀਟਰ ਦੂਰ ਪੱਟੀ ਦੇ ਨੇੜੇ ਜਾ ਕੇ ਵੱਸ ਗਏ ਹਨ। ਉਨ੍ਹਾਂ ਨੇ ਆਪਣੇ ਨਵੇਂ ਵਸਾਏ ਪਿੰਡ ਦਾ ਨਾਂ ਵੀ ਸ਼ਹੀਦ ਰੱਖਿਆ ਹੋਇਆ ਹੈ। ਪਹੂਵਿੰਡ ਵਿਚ ਹੁਣ ੩੦-੩੫ ਘਰ ਖਹਿਰੇ ਖਾਨਦਾਨ ਦੇ ਹਨ ਜੋ ਆਪਣੇ ਆਪ ਨੂੰ ਸ਼ਹੀਦ ਕਹਿੰਦੇ ਹਨ। ਪਹੂਵਿੰਡ ਵਿਚ ਉਨ੍ਹਾਂ ਦੀ ਪੱਤੀ ਦਾ ਨਾਂ ਵੀ ਸ਼ਹੀਦ ਪੱਤੀ ਹੈ। ਮਾਲਵਾ ਸਿੱਖ ਇਤਿਹਾਸ ਦੇ ਕਰਤਾ ਭਾਈ ਵਿਸਾਖਾ ਸਿੰਘ ਅਤੇ ਸ. ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ ਜੱਟਾਂ ਦੇ ਗੋਤਾਂ ਦਾ ਇਤਿਹਾਸਕ ਵੇਰਵਾ ਵਿਚ ਬਾਬਾ ਦੀਪ ਸਿੰਘ ਜੀ ਦਾ ਪਿੰਡ ਜ਼ਿਲ੍ਹਾ ਲੁਧਿਆਣਾ ਵਿਚ ਗੁਰਮ ਦੱਸਿਆ ਗਿਆ ਹੈ। ਇਨ੍ਹਾਂ ਅਨੁਸਾਰ ਬਾਬਾ ਜੀ ਦੇ ਪਿਤਾ ਜੀ ਆਪਣੇ ਸਾਥੀਆਂ ਸਮੇਤ ਅਲਾ ਪੁਰ ਦੇ ਪਠਾਣਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਅਲਾ ਪੁਰ ਦਾ ਨਾਂ ਬਦਲ ਕੇ ਹੁਣ ਲਾਪੁਰ ਹੋ ਗਿਆ ਹੈ। ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਪਿੰਡ ਨਵੇਂ ਗੁਰਮ ਦੇ ਪਾਸ ਦੱਖਣ ਵੱਲ ਬਣੀਆਂ ਹੋਈਆਂ ਹਨ। ਬਾਬਾ ਦੀਪ ਸਿੰਘ ਜੀ ਦੇ ਪਿਤਾ ਦਾ ਕੋਈ ਸਕਾ ਭਰਾ ਨਾ ਹੋਣ ਕਰਕੇ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਆਪਣੀ ਮਾਤਾ ਜੀ ਨਾਲ ਆਪਣੇ ਨਾਨਕੇ ਪਿੰਡ ਪਹੂਵਿੰਡ ਆ ਕੇ ਰਹਿਣ ਲੱਗ ਪਏ। ਜਦੋਂ ਬਾਬਾ ਜੀ ਜਵਾਨ ਹੋ ਗਏ ਤਾਂ ਵਾਪਸ ਆਪਣੀ ਮਾਤਾ ਜੀ ਨਾਲ ਗੁਰਮ ਪਿੰਡ ਚਲੇ ਗਏ। ਬਾਬਾ ਜੀ ਦੇ ਮਾਤਾ ਜੀ ਬਾਬਾ ਜੀ ਦੀ ਸ਼ਹੀਦੀ ਤੋਂ ਕਾਫ਼ੀ ਸਮਾਂ ਬਾਅਦ ਤਕ ਇਸੇ ਪਿੰਡ ਵਿਚ ਰਹਿੰਦੇ ਹੋਏ ਅਕਾਲ ਚਲਾਣਾ ਕਰ ਗਏ। ਬਾਬਾ ਜੀ ਦਾ ਜਨਮ ਸਥਾਨ ਕਿਹੜਾ ਸੀ ਭਾਵੇਂ ਇਹ ਖੋਜ ਦਾ ਵਿਸ਼ਾ ਹੈ ਪਰ ਇਸ ਗੱਲ ਨਾਲ ਸਾਰੇ ਵਿਦਵਾਨ ਸਹਿਮਤ ਹਨ ਕਿ ਬਾਬਾ ਜੀ ਦਾ ਸੰਬੰਧ ਪਹੂਵਿੰਡ ਪਿੰਡ ਨਾਲ ਗੂੜ੍ਹਾ ਸੀ ਭਾਵੇਂ ਇਹ ਉਨ੍ਹਾਂ ਦੇ ਦਾਦਕੇ ਸਨ ਜਾਂ ਨਾਨਕੇ ਜਿੱਥੇ ਉਹ ਬਚਪਨ ਤੋਂ ਜਵਾਨ ਅਵਸਥਾ ਤਕ ਵਿਚਰਦੇ ਰਹੇ। ਪਹੂਵਿੰਡ ਪਿੰਡ ਪਾਕਿਸਤਾਨ ਬਣਨ ਤੋਂ ਪਹਿਲਾਂ ਜ਼ਿਲ੍ਹਾ ਲਾਹੌਰ ਦੀ ਕਸੂਰ ਤਹਿਸੀਲ ਵਿਚ ਹੁੰਦਾ ਸੀ ਅੱਜਕਲ੍ਹ ਇਹ ਜ਼ਿਲ੍ਹਾ ਤਰਨਤਾਰਨ ਦੀ ਪੱਟੀ ਤਹਿਸੀਲ ਵਿਚ ਹੈ। ਗੁਰਦੁਆਰਾ ਜਨਮ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਾਨਦਾਰ ਇਮਾਰਤ ਇਸ ਪਿੰਡ ਦੀ ਸ਼ਾਨ ਹੈ। ਬਾਬਾ ਜੀ ਦੀ ਯਾਦ ਵਿਚ ਪੁਰਾਣਾ ਗੁਰਦੁਆਰਾ ਮਿਰਜੇ ਦੀ ਪੱਤੀ ਵਿਚ ਬਣਿਆ ਹੋਇਆ ਹੈ। ਪਿੰਡ ਵਾਸੀਆਂ ਅਨੁਸਾਰ ਪਿੰਡ ਵਿਚ ਬਾਬਾ ਜੀ ਦੀ ਯਾਦ ਵਿਚ ਨਵੇਂ ਉਸਾਰੇ ਗੁਰਦੁਆਰਾ ਸਾਹਿਬ ਦੀ ਨੀਂਹ ੧੯੬੯ ਈ: ਵਿਚ ਰੱਖੀ ਗਈ ਸੀ ਅਤੇ ਇਸ ਦੀ ਉਸਾਰੀ ਦਾ ਕੰਮ ੧੯੮੪-੮੫ ਤਕ ਚਲਦਾ ਰਿਹਾ। ੧੯੮੩ ਈ: ਵਿਚ ਇਸ 'ਤੇ ਸੋਨੇ ਦਾ ਕਲਸ ਸੁਸ਼ੋਭਿਤ ਕੀਤਾ ਗਿਆ। ਇਸ ਨਵੇਂ ਸਥਾਨ 'ਤੇ ਬਣੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਪਹਿਲਾਂ ਮੁਸਲਮਾਨਾਂ ਦੀ ਮਲਕੀਅਤ ਸੀ। ਪਹੂਵਿੰਡ ਵਿਚ ੩੦੦ ਦੇ ਲੱਗਭਗ ਮੁਸਲਮਾਨਾਂ ਦੇ ਘਰ ਸਨ ਜੋ ੧੯੪੭ ਈ:

ਵਿਚ ਪਾਕਿਸਤਾਨ ਚਲੇ ਗਏ ਅਤੇ ਇਹ ਉਨ੍ਹਾਂ ਦੀ ਜ਼ਮੀਨ ਲਾਵਾਰਿਸ ਪਈ ਸੀ। ਇਸ ਖੁੱਲ੍ਹੀ ਥਾਂ 'ਤੇ ਪਿੰਡ ਵਾਲਿਆਂ ਨੇ ਸਲਾਹ-ਮਸ਼ਵਰਾ ਕਰ ਕੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਾ ਕੇ ਇੱਥੇ ਸੰਨ ੧੯੮੨ ਈ: ਵਿਚ ਬਾਬਾ ਜੀ ਦਾ ੩੦੦ ਸਾਲਾ ਜਨਮ ਦਿਵਸ ਧੂਮ-ਧਾਮ ਨਾਲ ਮਨਾਇਆ ਸੀ।

**ਤਲਵੰਡੀ ਸਾਬੋ ਵਿਖੇ ਬਾਬਾ ਦੀਪ ਸਿੰਘ ਜੀ** :- ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੀ ਜੰਗ ਤੋਂ ਬਾਅਦ ਜੰਗਲਾਂ ਦੇ ਵਿਚ ਦੀ ਹੁੰਦੇ ਹੋਏ ਪਿੰਡਾਂ ਵਿਚ ਠਹਿਰਦੇ ਹੋਏ ਤਲਵੰਡੀ ਸਾਬੋ ਪਹੁੰਚੇ ਅਤੇ ਇਸ ਜਗ੍ਹਾ 'ਤੇ ਆ ਕੇ ਟਿਕ ਗਏ ਅਤੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ, ਜਿਸ ਕਾਰਨ ਇਸ ਜਗ੍ਹਾ ਦਾ ਨਾਂ ਦਮਦਮਾ ਸਾਹਿਬ ਪੈ ਗਿਆ। ਤਲਵੰਡੀ ਸਾਬੋ ਵਿਖੇ ਅੱਜ ਜਿੱਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ, ਇਸ ਜਗ੍ਹਾ 'ਤੇ ਗੁਰੂ ਜੀ ਦਰਬਾਰ ਸਜਾਇਆ ਕਰਦੇ ਸਨ। ਇਸੇ ਜਗ੍ਹਾ 'ਤੇ ਮਾਤਾ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਪੁੱਛਿਆ ਸੀ। ਤਲਵੰਡੀ ਸਾਬੋ ਵਿਚ ਗੁਰੂ ਸਾਹਿਬ ਦੇ ਕਾਫ਼ੀ ਸਮਾਂ ਟਿਕੇ ਰਹਿਣ ਕਰਕੇ ਇਸ ਜਗ੍ਹਾ ਦੇ ਕਈ ਸਥਾਨ ਗੁਰੂ ਸਾਹਿਬ ਦੀਆਂ ਯਾਦਾਂ ਨਾਲ ਜੁੜੇ ਹੋਏ ਹਨ ਅਤੇ ਸਿੱਖ ਦੂਰੋਂ-ਦੂਰੋਂ ਚੱਲ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਇਸ ਜਗ੍ਹਾ 'ਤੇ ਆਉਂਦੇ ਸਨ। ਉੱਚ-ਕੋਟੀ ਦੇ ਵਿਦਵਾਨ, ਨਾਮ-ਅਭਿਆਸੀ, ਕੁਰਬਾਨੀ ਦੇ ਪੁੰਜ, ਧਰਮੀ ਸੂਰਬੀਰ, ਸਿੱਖ ਪੰਥ ਦੇ ਅਣਖੀਲੇ ਜਥੇਦਾਰ ਬਾਬਾ ਦੀਪ ਸਿੰਘ ਜੀ ਵੀ ਇਸ ਜਗ੍ਹਾ 'ਪੁਰ ਗੁਰੂ ਜੀ ਪਾਸ ਰਹਿਣ ਲੱਗੇ।

**ਗੁਰਦੁਆਰਾ ਲਿਖਣਸਰ ਸਾਹਿਬ ਤਲਵੰਡੀ ਸਾਬੋ** :- ਦਮਦਮਾ ਸਹਿਬ ਵਿਚ ਰਹਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸਰੋਵਰ ਦੇ ਕੰਢੇ ਬੈਠ ਕੇ ਭਾਈ ਮਨੀ ਸਿੰਘ ਜੀ ਤੋਂ ਬਾਣੀ ਲਿਖਵਾਉਂਦੇ ਸਨ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾਂ ਦਰਜ ਬਾਣੀ ਦੇ ਨਾਲ ਪਿਤਾ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਸ ਸਥਾਨ 'ਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਇਸ ਕਾਰਜ ਲਈ ਬਾਬਾ ਦੀਪ ਸਿੰਘ ਜੀ ਕਲਮਾਂ ਘੜ ਕੇ ਦੇਣ ਦੀ ਸੇਵਾ ਕਰਦੇ ਸਨ। ਲਿਖਾਈ ਦਾ ਕੰਮ ਕਠਿਨ ਕਾਰਜ ਸੀ, ਜਿਸ ਵਿਚ ਅਨੇਕਾਂ ਕਲਮਾਂ, ਕਾਗਜ਼ ਤੇ ਸਿਆਹੀ ਦੀ ਵਰਤੋਂ ਹੋਈ। ਲਿਖਾਈ ਕਰਦਿਆਂ ਜਿਸ ਕਲਮ ਦਾ ਮੂੰਹ ਘਸ ਜਾਂਦਾ ਸੀ, ਗੁਰੂ ਜੀ ਉਸ ਕਲਮ ਨੂੰ ਦੁਬਾਰਾ ਨਹੀਂ ਘੜਾਉਂਦੇ ਸਨ ਉਸ ਨੂੰ ਸੰਭਾਲ ਕੇ ਰੱਖ ਲੈਂਦੇ ਸਨ। ਲਿਖਾਈ ਦੇ ਕਾਰਜ ਦੀ ਸੰਪੂਰਨਤਾ ਉਪਰੰਤ ਇਸ ਪ੍ਰਕਾਰ ਦੀਆਂ ਘਸੀਆਂ ਕਲਮਾਂ ਅਤੇ ਬਚੀ ਸਿਆਹੀ ਨੂੰ ਗੁਰੂ ਜੀ ਨੇ ਮੌਜੂਦਾ ਲਿਖਣਸਰ ਸਰੋਵਰ ਵਿਚ ਜਲ ਪ੍ਰਵਾਹ ਕਰ ਦਿੱਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਫੁਰਮਾਇਆ ਕਿ ਇਹ ਸਥਾਨ ਗੁਰੂ ਕੀ ਕਾਸ਼ੀ ਹੈ ਭਾਵ ਦਮਦਮਾ ਸਾਹਿਬ ਗੁਰਮਤਿ ਦੇ ਗਿਆਨ ਦਾ ਖੇਤਰ ਹੋਵੇਗਾ ਜਿੱਥੇ ਗੁਰਮਤਿ ਵਿਚ ਪ੍ਰਬੁੱਧ ਵਿਦਵਾਨ ਲਿਖਾਰੀ ਪੈਦਾ ਹੋਣਗੇ। ਬਾਬਾ ਦੀਪ ਸਿੰਘ ਜੀ ਨੇ ਇਸ ਸਥਾਨ 'ਤੇ ਸੰਪਰਦਾਈ ਗਿਆਨੀਆਂ ਦੀ ਟਕਸਾਲ ਕਾਇਮ ਕੀਤੀ। ਗੁਰੂ ਜੀ ਦੇ ਅਸ਼ੀਰਵਾਦ ਦਾ ਜ਼ਿਕਰ ਅਨੇਕਾਂ ਇਤਿਹਾਸਕ ਗ੍ਰੰਥਾਂ ਅੰਦਰ ਮਿਲਦਾ ਹੈ, ਜਿਵੇਂ:

**ਇਹ ਪ੍ਰਗਟ ਹਮਾਰੀ ਕਾਸ਼ੀ। ਪੜਹੈ ਇਹਾਂ ਢੋਰ ਮਤਿ ਰਾਸੀ।**
**ਲੇਖਕ ਗੁਣੀ ਕਵਿੰਦ ਗਿਆਨੀ। ਬੁਧਿ ਸਿੰਧ ਹ੍ਵੈ ਹੈਂ ਇਤਿ ਆਨੀ।**
**ਤਿਨ ਕੇ ਕਾਰਨ ਕਲਮ ਘਢ ਦੇਤ ਪ੍ਰਗਟ ਹਮ ਡਾਰ।**
**ਸਿਖ ਸਖਾ ਇਤ ਪੜੈਂਗੇ ਹਮਰੇ ਕਈ ਹਜਾਰ।**

**(ਭਾਈ ਸੁੱਖਾ ਸਿੰਘ ਗੁਰਬਿਲਾਸ ਪਾਤਸ਼ਾਹੀ ਦਸਵੀਂ, ਸਫ਼ਾ ੩੯੧-੯੨)**

ਅੱਜਕਲ੍ਹ ਇਸ ਸਥਾਨ 'ਤੇ ਗੁਰਦੁਆਰਾ ਲਿਖਣਸਰ ਸਾਹਿਬ ਸੁਸ਼ੋਭਿਤ ਹੈ ਜਿੱਥੇ ਅਨੇਕਾਂ ਪ੍ਰਾਣੀ ਗੁਰਮੁਖੀ ਦੀ ਵਰਣਮਾਲਾ ਲਿਖ ਕੇ ਵਿੱਦਿਆ ਦੀ ਪ੍ਰਾਪਤੀ ਲਈ ਅਰਦਾਸ ਕਰਦੇ ਹਨ।

**ਅਕਾਲਸਰ ਸਰੋਵਰ ਤਲਵੰਡੀ ਸਾਬੋ** :- ਇਹ ਇਤਿਹਾਸਕ ਸਰੋਵਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਦੇ ਨਾਲ ਅੱਠ-ਕੋਨੇ ਆਕਾਰ ਵਿਚ ਹੈ। ਇਸ ਸਰੋਵਰ ਵਿਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਸੀਂ ਇਸ਼ਨਾਨ ਕਰਿਆ ਕਰਦੇ ਸਨ। ਪ੍ਰਾਚੀਨ ਸਮੇਂ ਵਿਚ ਇਸ ਸਰੋਵਰ ਦੀ ਕਾਰ-ਸੇਵਾ ਬਾਬਾ ਦੀਪ ਸਿੰਘ ਜੀ ਨੇ ਕੀਤੀ ਸੀ। ਬਾਅਦ ਵਿਚ ਬਾਬਾ ਚੰਦਾ ਸਿੰਘ ਕੱਟੂ ਵਾਲਿਆਂ ਨੇ ਸਰੋਵਰ ਨੂੰ ਅੱਠ-ਕੋਨਾ ਪੱਕਾ ਬਣਵਾਇਆ ਸੀ।

**ਭੋਰਾ ਸਾਹਿਬ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ ਤਲਵੰਡੀ ਸਾਬੋ** :- ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਾਲ ਹੀ ਇਕ ਭੋਰਾ ਸਾਹਿਬ ਹੈ ਜਿੱਥੇ ਬਾਬਾ ਦੀਪ ਸਿੰਘ ਜੀ ਇਕਾਂਤ ਵਿਚ ਬੈਠ ਕੇ ਨਾਮ ਸਿਮਰਨ ਕਰਿਆ ਕਰਦੇ ਸਨ। ਇੱਥੇ ਹੀ ਬਾਬਾ ਜੀ ਆਪਣੀ ਰਿਹਾਇਸ਼ ਰੱਖਦੇ ਸਨ। ਇਹ ਭੋਰਾ ਬਾਬਾ ਦੀਪ ਸਿੰਘ ਜੀ ਨੇ ਆਪ ਬਣਾਇਆ ਹੈ। ਇਸ ਭੋਰਾ ਸਾਹਿਬ ਦੀ ਬਣਤਰ ਖਾਸ ਕਿਸਮ ਦੀ ਹੈ ਜੋ ਆਪਣੇ ਆਪ ਵਿਚ ਇਮਾਰਤ ਕਲਾ ਦਾ ਇਕ ਉੱਤਮ ਨਮੂਨਾ ਹੈ। ਸੁਰੱਖਿਆ ਦੇ ਪੱਖ ਤੋਂ ਬਹੁਤ ਹੀ ਉੱਤਮ ਹੈ। ਇਸ ਵਿਚ ਬੈਠੇ ਵਿਅਕਤੀ ਦੀਆਂ ਨਜ਼ਰਾਂ ਤੋਂ ਇਸ ਪਾਸੇ ਕਿੱਧਰੋਂ ਵੀ ਆਉਣ ਵਾਲਾ ਕੋਈ ਵਿਅਕਤੀ ਬਚ ਨਹੀਂ ਸਕਦਾ। ਇਸ ਭੋਰੇ ਦੇ ਦਰਸ਼ਨ ਕਰ ਕੇ ਬਾਬਾ ਦੀਪ ਸਿੰਘ ਜੀ ਦਾ ਨਾਮ-ਸਿਮਰਨ ਨਾਲ ਪਿਆਰ ਅਤੇ ਉਨ੍ਹਾਂ ਦੇ ਜੀਵਨ-ਢੰਗ ਬਾਰੇ ਜਾਣਿਆ ਜਾ ਸਕਦਾ ਹੈ।

**ਖੂਹ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ** :- ਤਲਵੰਡੀ ਸਾਬੋ ਦੇ ਇਲਾਕੇ ਦਾ ਪਾਣੀ ਬਹੁਤ ਖਾਰਾ ਸੀ ਅਤੇ ਇਹ ਪੀਣ ਦੇ ਲਾਇਕ ਨਹੀਂ ਸੀ। ਇਲਾਕੇ ਦੇ ਲੋਕਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਇਸ ਮੁਸ਼ਕਲ ਬਾਰੇ ਬੇਨਤੀ ਕੀਤੀ। ਲੋਕਾਂ ਦੀ ਮੁਸ਼ਕਲ ਦੇ ਹੱਲ ਲਈ ਬਾਬਾ ਦੀਪ ਸਿੰਘ ਜੀ ਨੇ ਅਕਾਲ ਪੁਰਖ ਅੱਗੇ ਅਰਦਾਸ ਕਰ ਕੇ ਇਕ ਖੂਹ ਖੁਦਵਾਇਆ ਜਿਸ ਦਾ ਪਾਣੀ ਬਹੁਤ ਮਿੱਠਾ ਨਿਕਲਿਆ। ਅੱਜ ਵੀ ਇਸ ਖੂਹ ਨੇ ਬਾਬਾ ਜੀ ਦੀ ਯਾਦ ਨੂੰ ਸੰਭਾਲਿਆ ਹੋਇਆ ਹੈ ਜਿਸ ਦਾ ਪਾਣੀ ਪੂਰੇ ਗੁਰਦੁਆਰਾ ਕੰਪਲੈਕਸ ਵਿਚ ਵਰਤਿਆ ਜਾਂਦਾ ਹੈ। ਇਸ ਖੂਹ ਨੂੰ ਬਾਬਾ ਦੀਪ ਸਿੰਘ ਜੀ ਵਾਲਾ ਖੂਹ ਕਿਹਾ ਜਾਂਦਾ ਹੈ। ਇਹ ਖੂਹ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਅੰਦਰ ਪ੍ਰਵੇਸ਼ ਕਰਦਿਆਂ ਹੀ ਸੱਜੇ ਪਾਸੇ ਸੁਸ਼ੋਭਿਤ ਹੈ। ਇਸ ਖੂਹ ਨੂੰ ਸ਼ਹੀਦਾਂ ਵਾਲਾ ਖੂਹ ਵੀ ਕਿਹਾ ਜਾਂਦਾ ਹੈ।

**ਬੁਰਜ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ** :- ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਦੇ ਨਾਲ ਜੀ ਉੱਚਾ ਬੁਰਜ ਨਜ਼ਰ ਆਉਂਦਾ ਹੈ। ਇਹ ਵੀ ਬਾਬਾ ਦੀਪ ਸਿੰਘ ਜੀ ਨੇ ਬਣਵਾਇਆ ਸੀ। ਇਸ ਬੁਰਜ ਤੋਂ ਪੂਰਾ ਨਗਰ ਨਜ਼ਰ ਆਉਂਦਾ ਹੈ ਜਿਸ ਕਾਰਨ ਸੁਰੱਖਿਆ ਦੇ ਪੱਖੋਂ ਇਹ ਬੁਰਜ ਬਹੁਤ ਮਹੱਤਤਾ ਰੱਖਦਾ ਹੈ। ਗਰਮੀਆਂ ਦੇ ਦਿਨਾਂ ਵਿਚ ਇਹ ਬੁਰਜ ਠੰਡੀ ਹਵਾ ਲੈਣ ਦਾ

ਸਾਧਨ ਵੀ ਹੈ। ਬਾਬਾ ਜੀ ਇਸ ਸਥਾਨ 'ਤੇ ਰਹਿ ਕੇ ਲਿਖਾਰੀਆਂ ਨੂੰ ਗੁਰਮੁਖੀ ਦੀ ਸੁੰਦਰ ਲਿਖਾਈ ਲਿਖਣੀ ਸਿਖਾਉਂਦੇ ਸਨ। ਇੱਥੇ ਹੀ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ ਸਨ। ਇਹ ਬੁਰਜ ਗੜ੍ਹੀ ਦੀ ਸ਼ਕਲ ਦਾ ਬਣਿਆ ਹੋਇਆ ਹੈ ਜੋ ਕਿ ਅੱਠ-ਕੋਨੇ ਆਕਾਰ ਦਾ ਹੈ। ਇਸ ਬੁਰਜ ਦੀ ਉਚਾਈ ੭੦ ਫੁੱਟ ਦੇ ਲੱਗਭਗ ਹੈ।

**ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਸੋਲਖੀਆਂ (ਰੋਪੜ)** :- ਪਿੰਡ ਸੋਲਖੀਆਂ ਚੰਡੀਗੜ੍ਹ-ਰੋਪੜ ਮਾਰਗ 'ਤੇ ਸਥਿਤ ਹੈ। ਇਸ ਪਿੰਡ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਪ੍ਰੋ. ਗੰਡਾ ਸਿੰਘ ਅਨੁਸਾਰ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹਿੰਦ ਵਜ਼ੀਰ ਖ਼ਾਂ ਨੂੰ ਉਸ ਦੇ ਕੀਤੇ ਅੱਤਿਆਚਾਰਾਂ ਦੀ ਸਜ਼ਾ ੧੭੧੦ ਈ: ਵਿਚ ਸਰਹਿੰਦ 'ਤੇ ਹਮਲਾ ਕਰਕੇ ਉਸ ਨੂੰ ਪਾਰ ਬੁਲਾ ਕੇ ਦਿੱਤੀ। ਸਰਹਿੰਦ ਦੇ ਕਿਲ੍ਹੇ ਤੋਂ ਮੁਗ਼ਲਈ ਝੰਡਾ ਲਾਹ ਕੇ ਖਾਲਸਾਈ ਨਿਸ਼ਾਨ ਝੁਲਾ ਦਿੱਤੇ। ਚਪੜ-ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਗਹਿਗੱਚ ਲੜਾਈ ਸੂਬਾ ਸਰਹਿੰਦ ਨਾਲ ਹੋਈ ਤਾਂ ਇਸ ਯੁੱਧ ਵਿਚ ਬਾਬਾ ਦੀਪ ਸਿੰਘ ਜੀ ਨੇ ਵੀ ਆਪਣੇ ਜਥੇ ਸਮੇਤ ਸ਼ਮੂਲੀਅਤ ਕਰਕੇ ਵੈਰੀਆਂ ਦੇ ਐਸੇ ਦੰਦ ਖੱਟੇ ਕੀਤੇ ਕਿ ਮੁਗ਼ਲ ਫੌਜਾਂ ਨੂੰ ਭੱਜਦੀਆਂ ਨੂੰ ਰਾਹ ਨਹੀਂ ਸੀ ਲੱਭ ਰਿਹਾ। ਸਰਹਿੰਦ ਦੀ ਫ਼ਤਿਹ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਵਾਪਿਸ ਜਾਂਦੇ ਸਮੇਂ ਆਪਣੇ ਜਥੇ ਨਾਲ ਪਿੰਡ ਸੋਲਖੀਆਂ ਵਿਚ ਠਹਿਰੇ ਸਨ ਅਤੇ ਇਕ ਦਿਨ ਵਿਸ਼ਰਾਮ ਕੀਤਾ। ਇਸ ਯਾਦ ਨੂੰ ਪਿੰਡ ਵਾਸੀਆਂ ਨੇ ਆਪਣੇ ਦਿਲ ਵਿਚ ਸਾਂਭ ਕੇ ਰੱਖਿਆ ਹੋਇਆ ਹੈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਯਾਦ ਨੂੰ ਤਾਜ਼ਾ ਰੱਖਣ ਲਈ ਗੁਰਦੁਆਰਾ ਸਾਹਿਬ ਸੁਸ਼ੋਭਿਤ ਕੀਤਾ ਹੈ। ਇਸ ਸਥਾਨ 'ਤੇ ਪਹਿਲਾਂ ਜੰਗਲ ਬੀਆਬਾਨ ਸੀ। ਸੰਨ ੧੯੬੯ ਈ: ਵਿਚ ਇਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦਾ ਨੀਂਹ-ਪੱਥਰ ਰੱਖਿਆ ਗਿਆ। ਅੱਜਕਲ੍ਹ ਇਸ ਸਥਾਨ ਦੀ ਸੇਵਾ ਬਾਬਾ ਨਿਹਾਲ ਸਿੰਘ ਜੀ ਨਿਹੰਗ ਸਿੰਘ ਜਥੇਦਾਰ ਹਰੀਆਂ ਵੇਲਾਂ ਵਾਲੇ ਕਰ ਰਹੇ ਹਨ। ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਮਤਿ ਵਿਦਿਆਲਾ ਵੀ ਚਲਾਇਆ ਜਾ ਰਿਹਾ ਹੈ। ਇਸ ਸਥਾਨ 'ਤੇ ਫਰਵਰੀ ਦੇ ਮਹੀਨੇ ਵਿਚ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦੀ ਯਾਦ ਵਿਚ ਸਾਲਾਨਾ ਸਮਾਗਮ ਮਨਾਏ ਜਾਂਦੇ ਹਨ।

**ਗੁਰਦੁਆਰਾ ਲਕੀਰ ਸਾਹਿਬ ਤਰਨਤਾਰਨ** :- ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ 'ਤੇ ਜਬਰ ਜ਼ੁਲਮ ਦਾ ਦੌਰ ਸ਼ੁਰੂ ਹੋ ਗਿਆ। ਸਿੰਘ ਜੰਗਲਾਂ-ਪਹਾੜਾਂ ਵਿਚ ਚਲੇ ਗਏ। ਅਹਿਮਦ ਸ਼ਾਹ ਅਬਦਾਲੀ ਨੇ ੧੭੫੬-੫੭ ਈ: ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਢਾਹ-ਢੇਰੀ ਕਰ ਦਿੱਤਾ, ਪਵਿੱਤਰ ਸਰੋਵਰ ਨੂੰ ਪੂਰ ਦਿੱਤਾ। ਇਸ ਸਥਾਨ 'ਤੇ ਮੁਸਲਮਾਨ ਸਿਪਾਹੀਆਂ ਨੇ ਕਬਜ਼ਾ ਕਰ ਕੇ ਆਮ ਜਨਤਾ ਦਾ ਆਉਣਾ-ਜਾਣਾ ਬੰਦ ਕਰ ਦਿੱਤਾ ਸੀ। ਇਸ ਗੱਲ ਦਾ ਪਤਾ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਜਥੇਦਾਰ ਭਾਗ ਸਿੰਘ ਤੋਂ ਲੱਗਾ ਤਾਂ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਮੁਗ਼ਲ ਸਿਪਾਹੀਆਂ ਹੱਥੋਂ ਅਜ਼ਾਦ ਕਰਵਾਉਣ ਲਈ ਅਰਦਾਸਾ ਸੋਧਿਆ ਕਿ ਜੇਕਰ ਇਸ ਮੰਤਵ ਨੂੰ ਪੂਰਾ ਕਰਦਿਆਂ ਸ਼ਹੀਦੀ ਪ੍ਰਾਪਤ ਹੋਵੇ ਤਾਂ ਉਹ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਹੀ ਹੋਵੇ। ਬਾਬਾ ਜੀ ਦੀ ਉਮਰ ਇਸ ਵੇਲੇ ੭੯ ਸਾਲ ਦੀ ਸੀ। ਬਾਬਾ ਜੀ ਆਪਣੇ ਸਾਥੀ ਸਿੰਘਾਂ ਸਮੇਤ ਤਲਵੰਡੀ ਸਾਬੋ ਤੋਂ ਅੰਮ੍ਰਿਤਸਰ ਵੱਲ ਨੂੰ ਰਵਾਨਾ ਹੋ ਗਏ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

**ਅੰਮ੍ਰਿਤਸਰ ਗੁਰਦੁਆਰੇ ਕੇਰੀ। ਸੁਨੀ ਬਿਅਦਬੀ ਸਿੰਘਨ ਬਥੇਰੀ।**
**ਪੰਥ ਨਹੀਂ ਥਾ ਸਬ ਇਕ ਠੌਰੈਂ। ਸਨ ਸਿੰਘਨ ਪਛਤਾਵੈ ਗੌਰੈਂ।**
**ਮਿਸਲ ਸ਼ਹੀਦਨ ਕਾ ਸਰਦਾਰੈਂ। ਦੀਪ ਸਿੰਘ ਥਾ ਬਡੋ ਉਦਾਰੈਂ।**
**ਰਹਿਤ ਦਮਦਮੇ ਢਿਗ ਤਲਵੰਡੀ। ਤਿਸਕੋ ਚੰਡੀ ਅਧਕ ਸੁਨ ਚੰਡੀ।**
**ਸਭਾ ਮਧ ਉਨ ਐਸ ਉਚਾਰਾ। ਸੂਰਬੀਰ ਸਿੰਘ ਜੋ ਗੁਰ ਪਿਆਰਾ।**
**ਧਰਮ ਰਖਯੋ ਚਿਹ ਜੋ ਗੁਰਦੁਆਰਾ। ਸੋ ਹਮਰੈ ਸੰਗ ਹੋਵੇ ਤਿਆਰਾ।**
**ਇਸ ਸੁਨ ਪੁਨ ਬਹੁ ਸਿੰਘਨ ਬਖਾਨਾ। ਹੇਤ ਧਰਮ ਹਮ ਦੈਹੈ ਜਾਨਾ।**
**ਸਿੰਘ ਜੀ ਖੁਸਿ ਹਵੈ ਪਾਠ ਕਰਾਯੋ। ਭੋਗ ਪਾਇ ਕੰਗਨਾ ਬੰਧਵਾਯੋ।**

(ਪੰਥ ਪ੍ਰਕਾਸ਼, ਸ.ਫਾ ੯੧੩)

ਆਪ ਨੇ ਆਪਣੀ ਜਗ੍ਹਾ ਭਾਈ ਨੱਥਾ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਸੌਂਪ ਕੇ ਸ਼ਹੀਦ ਹੋਣ ਦੇ ਇਰਾਦੇ ਨਾਲ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ। ਉਸ ਸਮੇਂ ਆਪ ਜੀ ਦੇ ਨਾਲ ਸਿਰਫ਼ ਪੰਜ ਸੌ ਸਿੰਘਾਂ ਦਾ ਜਥਾ ਸੀ। ਰਸਤੇ ਵਿਚ ਲਾਗਲੇ ਪਿੰਡਾਂ ਜੋਗਾ, ਦੋਰਾਜ, ਭੁੱਚੋ, ਗੋਬਿੰਦਪੁਰਾ, ਲੱਖੀ ਜੰਗਲ, ਬਹਿਮਾਨ, ਮਾਹਨਵਾਲ, ਕੋਟ, ਪੰਜੋ ਕੇ, ਗੁਰੂ ਚੌਤਰਾਂ, ਫੂਲ, ਮਹਿਰਾਜ, ਤੋਂ ਹੋਰ ਸਿੰਘ ਜਥੇ ਵਿਚ ਰਲਦੇ ਗਏ। ਇਸ ਤਰ੍ਹਾਂ ਤਰਨਤਾਰਨ ਪਹੁੰਚਣ ਤੀਕ ਆਪ ਜੀ ਨਾਲ ਪੰਜ ਹਜ਼ਾਰ ਜੁਝਾਰੂ ਸਿੰਘਾਂ ਦਾ ਜਥਾ ਬਣ ਗਿਆ ਸੀ। ਤਰਨਤਾਰਨ ਸਾਹਿਬ ਆ ਕੇ ਬਾਬਾ ਜੀ ਨੇ ਜੁਝਾਰੂ ਸਿੰਘਾਂ ਨੂੰ ਕਿਹਾ ਕਿ ਉਹ ਧਰਮ ਲਈ ਕੁਰਬਾਨ ਹੋਣ ਲਈ ਜਾ ਰਹੇ ਹਨ, ਜੇਕਰ ਕਿਸੇ ਨੂੰ ਜਾਨ ਪਿਆਰੀ ਹੈ ਉਹ ਵਾਪਿਸ ਚਲਾ ਜਾਵੇ ਅਤੇ ਜਿਸ ਨੇ ਜੂਝ ਕੇ ਸ਼ਹੀਦੀ ਪ੍ਰਾਪਤ ਕਰਨੀ ਹੈ ਉਹ ਹੀ ਉਨ੍ਹਾਂ ਦੇ ਨਾਲ ਆਵੇ। ਇਸ ਦੀ ਪਰਖ ਲਈ ਬਾਬਾ ਜੀ ਨੇ ਧਰਤੀ 'ਤੇ ਇਕ ਲਕੀਰ ਖਿੱਚ ਕੇ ਕਿਹਾ ਕਿ ਜਿਨ੍ਹਾਂ ਨੇ ਸ਼ਹੀਦੀ ਪ੍ਰਾਪਤ ਕਰਨੀ ਹੈ ਉਹ ਲਕੀਰ ਦੇ ਇਸ ਪਾਰ ਆ ਜਾਵੇ ਅਤੇ ਜਿਸ ਨੂੰ ਜਾਨ ਪਿਆਰੀ ਹੈ ਉਹ ਵਾਪਿਸ ਚਲਾ ਜਾਵੇ। ਤਸੱਲੀ ਵਾਲੀ ਗੱਲ ਸੀ ਕਿ ਸਾਰੇ ਸਿੰਘ ਲਕੀਰ ਟੱਪ ਗਏ। ਉਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਲਕੀਰ ਸਾਹਿਬ ਸੁਸ਼ੋਭਿਤ ਹੈ।

**ਗੁਰਦੁਆਰਾ ਲਲਕਾਰ ਸਾਹਿਬ, ਗੋਹਲਵੜ** :- ਬਾਬਾ ਦੀਪ ਸਿੰਘ ਜੀ ਆਪਣੇ ਸਿਰਲੱਥ ਯੋਧਿਆਂ ਨੂੰ ਨਾਲ ਲੈ ਇਸ ਸਥਾਨ 'ਤੇ ਡਟ ਗਏ। ਉਨ੍ਹਾਂ ਨੇ ਦੁਸ਼ਮਣ ਫੌਜਾਂ ਨੂੰ ਲਲਕਾਰਿਆ ਅਤੇ ਯੁੱਧ ਕਰਨ ਲਈ ਅੱਗੇ ਆਉਣ ਲਈ ਕਿਹਾ। ਬਾਬਾ ਜੀ ਦੀ ਇਸ ਯਾਦ ਵਿਚ ਇੱਥੇ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ।

**ਗੁਰਦੁਆਰਾ ਟਾਹਲਾ ਸਾਹਿਬ** :- ਉਧਰ ਲਾਹੌਰ ਦੇ ਸੂਬੇ ਨੂੰ ਵੀ ਖ਼ਬਰ ਲੱਗ ਗਈ ਕਿ ਸਿੱਖ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ। ਹਾਜੀ ਅਤਾਈ ਖਾਨ ਗਸ਼ਤੀ ਫੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਚੱਕਰ ਲਗਾ ਰਿਹਾ ਸੀ। ਅੰਮ੍ਰਿਤਸਰ ਪਹੁੰਚ ਕੇ ਸਿੱਖਾਂ ਨੂੰ ਦਬਾਉਣ ਦਾ ਹੁਕਮ ਹੋਇਆ। ਉਧਰੋਂ ਸੂਬੇ ਨੇ ਢੋਲ ਵਜਵਾ ਕੇ ਲਾਹੌਰ ਵਿਚ ਜਹਾਦ ਦਾ ਐਲਾਨ ਕਰਵਾ ਦਿੱਤਾ ਅਤੇ ਸਾਰੇ ਮੋਮਨਾਂ ਨੂੰ ਨਿੱਤਰਨ ਲਈ ਵੰਗਾਰਿਆ। ਲਾਹੌਰ ਦਾ ਫੌਜਦਾਰ ਜਹਾਨ ਖਾਨ ਦੋ ਹਜ਼ਾਰ ਸਵਾਰ ਲੈ ਕੇ ਅੰਮ੍ਰਿਤਸਰ ਵੱਲ

ਚੱਲ ਪਿਆ। ਦੋਹਾਂ ਦਲਾਂ ਦਾ ਗੋਹਲਵੜ ਨੇੜੇ ਟਾਕਰਾ ਹੋ ਗਿਆ। ਸਿੰਘਾਂ ਨੇ ਅਜਿਹੀ ਸੂਰਬੀਰਤਾ ਵਿਖਾਈ ਕਿ ਸ਼ਾਹੀ ਫੌਜ ਵਿਚ ਭਾਜੜ ਪੈ ਗਈ। ਪਰ ਏਨੇ ਚਿਰ ਵਿਚ ਹਾਜ਼ੀ ਅਤਾਈ ਖਾਨ ਵੀ ਫੌਜ ਅਤੇ ਤੋਪਾਂ ਲੈ ਕੇ ਪਹੁੰਚ ਗਿਆ। ਬੜੇ ਘਮਸਾਣ ਦੀ ਲੜਾਈ ਹੋਈ। ਸਿੰਘਾਂ ਨੇ ਅੰਮ੍ਰਿਤਸਰ ਪੁੱਜਣ ਦੀ ਕੋਸ਼ਿਸ਼ ਵਿਚ ਅਜਿਹੀ ਤਲਵਾਰ ਚਮਕਾਈ ਅਤੇ ਬਹਾਦਰੀ ਵਿਖਾਈ ਕਿ ਛੇ ਕੋਹ ਵਿਚ ਲਾਸ਼ਾਂ ਦੇ ਢੇਰ ਲੱਗ ਗਏ। ਸਾਰੀ ਧਰਤੀ ਖ਼ੂਨੋ-ਖ਼ੂਨ ਹੋ ਗਈ। ਗੋਹਲਵੜ ਵਾਲੀ ਥਾਂ 'ਤੇ ਜਿੱਥੋਂ ਬਾਬਾ ਦੀਪ ਸਿੰਘ ਜੀ ਦੀ ਮੁਗ਼ਲਾਂ ਨਾਲ ਲੜਾਈ ਸ਼ੁਰੂ ਹੋਈ ਉਸ ਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਟਾਹਲਾ ਸਾਹਿਬ ਸੁਸ਼ੋਭਿਤ ਹੈ।

**ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਅੰਮ੍ਰਿਤਸਰ** :- ਅੰਮ੍ਰਿਤਸਰ ਦੇ ਬਾਹਰ ਰਾਮਸਰ ਦੇ ਪਾਸ ਬਾਬਾ ਦੀਪ ਸਿੰਘ ਜੀ ਨੂੰ ਧੌਣ 'ਤੇ ਤਲਵਾਰ ਦਾ ਜ਼ਬਰਦਸਤ ਮਾਰੂ ਵਾਰ ਹੋਇਆ। ਉਨ੍ਹਾਂ ਦਾ ਸੀਸ ਡਿੱਗਣ ਹੀ ਲੱਗਾ ਸੀ ਕਿ ਪਾਸੋਂ ਇਕ ਸਿੰਘ ਨੇ ਪਿਆਰ ਨਾਲ ਕਿਹਾ, 'ਬਾਬਾ ਜੀ ! ਤੁਸੀਂ ਅਰਦਾਸਾ ਤਾਂ ਸੋਧਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਸ਼ਹੀਦ ਹੋਈਏ ਪਰ ਆਪ ਉਰੇ ਹੀ ਫ਼ਤਹ ਗਜਾ ਚਲੇ ਹੋ !' ਇਹ ਸੁਣ ਕੇ ਬਾਬਾ ਜੀ ਨੇ ਸੀਸ ਨੂੰ ਖੱਬੇ ਹੱਥ ਨਾਲ ਸਾਂਭਿਆ ਅਤੇ ਸੱਜੇ ਹੱਥ ਨਾਲ ੮ ਸੇਰ (ਕੱਚਾ) ਦਾ ਖੰਡਾ ਵਾਹੁੰਦੇ ਤੇ ਵੈਰੀਆਂ ਦੇ ਆਹੂ ਲਾਹੁੰਦੇ ਸ੍ਰੀ ਦਰਬਾਰ ਸਾਹਿਬ ਵੱਲ ਚੱਲ ਪਏ। ਇਸ ਜਗ੍ਹਾ 'ਤੇ ਬਾਬਾ ਜੀ ਦੀ ਬੇਮਿਸਾਲ ਸੂਰਮਗਤੀ ਦੀ ਇਤਿਹਾਸਕ ਯਾਦ ਵਿਚ ਅੰਮ੍ਰਿਤਸਰ ਦੇ ਚਾਟੀਵਿੰਡ ਦਰਵਾਜ਼ੇ ਦੇ ਨੇੜੇ ਗੁਰਦੁਆਰਾ ਰਾਮਸਰ ਸਾਹਿਬ ਦੇ ਪਾਸ ਬਾਬਾ ਦੀਪ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਬਣਿਆ ਪ੍ਰਸਿੱਧ ਗੁਰਦੁਆਰਾ ਸਾਹਿਬ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਸੁਸ਼ੋਭਿਤ ਹੈ। ਇੱਥੇ ਹੀ ਬਾਬਾ ਜੀ ਦੇ ਮ੍ਰਿਤਕ ਸਰੀਰ ਦਾ ਦਾਹ ਸੰਸਕਾਰ ਕੀਤਾ ਗਿਆ ਸੀ।

ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਯਾਦ ਵਿਚ ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਸ਼ਹੀਦ ਗੰਜ ਦੀ ਸਿਰਜਣਾ ਕਰਵਾਈ ਸੀ। ਬਾਅਦ ਵਿਚ ਪੰਥ ਦੇ ਮਹਾਨ ਜਰਨੈਲ ਅਕਾਲੀ ਫੂਲਾ ਸਿੰਘ ਨੇ ਸ਼ਹੀਦ ਗੰਜ ਨੂੰ ਯਾਦਗਾਰੀ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਵਿਕਸਿਤ ਕੀਤਾ। ਇਸ ਸਥਾਨ ਦਾ ਪ੍ਰਬੰਧ ਪਹਿਲਾਂ ਸ਼ਹੀਦ ਮਿਸਲ ਦੇ ਸਰਦਾਰ ਕਰਦੇ ਸਨ। ੩੧ ਅਕਤੂਬਰ ੧੯੨੪ ਈ: ਵਿਚ ਇਸ ਇਤਿਹਾਸਕ ਸਥਾਨ ਦਾ ਪ੍ਰਬੰਧ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ ਜਿਸ ਨੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਨੂੰ ਆਧੁਨਿਕ ਦਿਖ ਪ੍ਰਦਾਨ ਕੀਤੀ ਹੈ।

**ਬੁੰਗਾ ਬਾਬਾ ਦੀਪ ਸਿੰਘ ਜੀ, ਅੰਮ੍ਰਿਤਸਰ** :- ਬਾਬਾ ਦੀਪ ਸਿੰਘ ਜੀ ਨੂੰ ਰੋਕਣ ਲਈ ਭਾਰੀ ਮੁਗ਼ਲ ਫੌਜ ਭੇਜੀ ਗਈ ਪਰੰਤੂ ਸਿੰਘਾਂ ਦੇ ਜੋਸ਼ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਪਰਕਰਮਾਂ ਵਿਚ ਪਹੁੰਚ ਕੇ ਆਪਣਾ ਸੀਸ ਗੁਰੂ ਦੇ ਚਰਨਾਂ ਵਿਚ ਭੇਟ ਕਰ ਪ੍ਰਾਣ ਤਿਆਗ ਦਿੱਤੇ। ਇਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਬੁੰਗਾ ਬਾਬਾ ਦੀਪ ਸਿੰਘ ਬਣਿਆ ਹੋਇਆ ਹੈ।

**ਥੜ੍ਹਾ ਸਾਹਿਬ ਸ਼ਹੀਦਾਂ, ਅੰਮ੍ਰਿਤਸਰ** :- ਬਾਬਾ ਦੀਪ ਸਿੰਘ ਜੀ ਦੀ ਤਰ੍ਹਾਂ ਹੀ ਜਥੇਦਾਰ ਰਾਮ ਸਿੰਘ ਵੈਰੀਆਂ ਨੂੰ ਮਾਰ ਕੇ ਸ਼ਹੀਦ ਹੋ ਗਿਆ, ਜਿਨ੍ਹਾਂ ਦਾ ਸ਼ਹੀਦ ਗੰਜ ਰਾਮਗੜ੍ਹੀਆਂ ਦੇ ਕੱਟੜੇ ਵਿਚ ਹੈ। ਬਾਬਾ ਸੱਜਣ ਸਿੰਘ, ਬਾਬਾ ਬਹਾਦਰ ਸਿੰਘ ਤੇ ਕਈ ਹੋਰ ਸਿੰਘ ਗੁਰੂ ਦੇ ਬਾਗ ਵਿਚ ਲੜਦੇ ਸ਼ਹੀਦ ਹੋ ਗਏ, ਉਨ੍ਹਾਂ ਦਾ ਸਥਾਨ ਬਾਗ਼ ਵਿਚ ਹੈ। ਬਾਗ਼ ਦੀ ਜਗ੍ਹਾ ਅੱਜਕਲ੍ਹ ਦੀਵਾਨ ਹਾਲ ਮੰਜੀ ਸਾਹਿਬ ਬਣ ਗਿਆ ਹੈ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਮੰਜੀ ਸਾਹਿਬ ਦੇ ਨੇੜੇ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ, ਜਿਸ ਦੇ ਥੜ੍ਹੇ ਉੱਪਰ ਹੇਠ ਲਿਖੇ ਸਿੰਘਾਂ ਦੇ ਨਾਮ ਲਿਖੇ ਹੋਏ ਹਨ :

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

**ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ** :- ਜਦੋਂ ਇਸ ਲੜਾਈ ਦਾ ਹਾਲ ਬਾਬਾ ਗੁਰਬਖਸ਼ ਸਿੰਘ ਅਤੇ ਬਾਬਾ ਦਰਗਾਹ ਸਿੰਘ ਨੇ ਸੁਣਿਆ ਤਾਂ ਉਹ ਉਸੇ ਵੇਲੇ ਆਨੰਦਪੁਰ ਸਾਹਿਬ ਤੋਂ ਦੋ ਹਜ਼ਾਰ ਸਵਾਰ ਲੈ ਕੇ ਚੜ੍ਹ ਆਏ ਤੇ ਵੈਰੀਆਂ ਨਾਲ ਲੜਦੇ-ਭਿੜਦੇ ਅੰਮ੍ਰਿਤਸਰ ਪਹੁੰਚ ਗਏ। ਸਿੰਘਾਂ ਨੂੰ ਪਵਿੱਤਰ ਗੁਰ-ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਦੇਖ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਰਾਤ ਨੂੰ ਛਾਪੇ ਮਾਰ ਕੇ ਵੈਰੀਆਂ ਦੇ ਥਾਣੇ ਤਹਿਸੀਲਾਂ ਸਭ ਸਾੜ ਦਿੱਤੀਆਂ। ਸਿੰਘਾਂ ਦੇ ਮੁਕਾਬਲੇ ਲਈ ਹੋਰ ਮੁਗ਼ਲ ਫੌਜਾਂ ਬੁਲਾ ਲਈਆਂ ਗਈਆਂ ਅਤੇ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਦਾ ਹੁਕਮ ਦੇ ਦਿੱਤਾ। ਸ਼ਾਹ ਨਾਜ਼ਮ ਦੀਨ, ਸਰ ਬੁਲੰਦ ਖਾਨ, ਜਾਬਰ ਖਾਨ, ਜਾਲਮ ਖਾਨ ਆਦਿ ਫੌਜਦਾਰ ੨੦ ਹਜ਼ਾਰ ਲੜਾਕੇ ਪਠਾਣਾਂ ਨੂੰ ਲੈ ਕੇ ਮੈਦਾਨ ਵਿਚ ਆ ਗਏ। ਉਧਰ ੬ ਮੱਘਰ ੧੮੧੮ ਬਿਕ੍ਰਮੀ ਨੂੰ ਜਥੇਦਾਰ ਗੁਰਬਖਸ਼ ਸਿੰਘ ਆਦਿ ਦੁਸ਼ਮਣ ਦੀ ਚੜ੍ਹਾਈ ਸੁਣ ਕੇ ਧਰਮ-ਯੁੱਧ ਲਈ ਅਰਦਾਸ ਕਰ ਕੇ ਸ਼ਹੀਦ ਹੋਣ ਲਈ ਤਿਆਰ ਹੋ ਬੈਠੇ। ਦਿਨ ਚੜ੍ਹਦੇ ਤਕ ਪਠਾਣਾਂ ਦੀ ਵੱਡੀ ਕਾਫੀ ਫੌਜ ਅੰਮ੍ਰਿਤਸਰ ਪਹੁੰਚ ਗਈ। ਸ੍ਰੀ ਅੰਮ੍ਰਿਤਸਰ ਸਰੋਵਰ ਦੇ ਪਿਛਲੇ ਪਾਸੇ ਬੜੀ ਭਿਆਨਕ ਲੜਾਈ ਹੋਈ, ਜਿਸ ਵਿਚ ਬਾਬਾ ਗੁਰਬਖਸ਼ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਬਸੰਤ ਸਿੰਘ ਆਦਿ ਵੱਡੇ ਜਥੇਦਾਰ ਸ਼ਹੀਦ ਹੋ ਗਏ। ਦੁਰਾਨੀਆਂ ਦੀ ਫੌਜ ਪਿੱਛੋਂ ਹੋਰ ਆਉਂਦੀ ਗਈ ਤਾਂ ਸਿੰਘ ਬਸਰਾ ਦੇ ਜੰਗਲਾਂ ਵਿਚ ਚਲੇ ਗਏ ਅਤੇ ਦੁਰਾਨੀ ਮੈਦਾਨ ਖ਼ਾਲੀ ਦੇਖ ਕੇ ਅੰਮ੍ਰਿਤਸਰ ਵਿਚ ਖੜਦੁੰਮ ਮਚਾ ਕੇ ਵਾਪਸ ਚਲੇ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਬਾਬਾ ਬਸੰਤ ਸਿੰਘ ਦੇ ਥੜ੍ਹੇ ਦੇ ਪਾਸ ਬਾਬਾ ਗੁਰਬਖਸ਼ ਸਿੰਘ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਬਾਬਾ ਨਿਹਾਲ ਸਿੰਘ ਚੁਰਸਤੀ ਅਟਾਰੀ ਦੇ ਪਾਸ ਸ਼ਹੀਦ ਹੋਏ ਸਨ, ਜਿਸ ਜਗ੍ਹਾ 'ਤੇ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ। ਇਹ ਸਥਾਨ ਹੁਣ ਅੰਮ੍ਰਿਤਸਰ ਵਿਚ ਸ਼ਹੀਦ ਗੰਜ ਦੇ ਨਾਂ ਨਾਲ ਮਸ਼ਹੂਰ ਹੈ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਜਨਵਰੀ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ



13 ਜਨਵਰੀ ਲੋਹੜੀ ਵਾਲੇ ਦਿਨ ਪਹਿਲੀ ਵਾਰ ਸਟਾਫ ਅਤੇ ਅਹੁਦੇਦਾਰਾਂ ਨੇ ਰਲ ਕੇ ਧੀਆਂ ਦੀ ਲੋਹੜੀ ਮਨਾਈ। ਇਸ ਸ਼ੁਭ ਅਵਸਰ ਤੇ ਭਵਨ ਵਿੱਚ ਲੱਕੜੀਆਂ ਅਤੇ ਹੋਰ ਸਾਮਾਨ ਇਕੱਠਾ ਕਰ ਕੇ ਧੀਆਂ ਦੀ ਲੋਹੜੀ ਬਾਲੀ ਗਈ ਅਤੇ ਮੱਕੀ ਦੇ ਦਾਣਿਆਂ ਨਾਲ ਬਲਦੀ ਹੋਈ ਲੋਹੜੀ ਵਿੱਚ ਮੱਥਾ ਟੇਕਿਆ ਅਤੇ ਸਮਾਜ ਦੀਆਂ ਸਭ ਨਵਜੰਮੀਆਂ ਧੀਆਂ ਦੀ ਲੰਮੀ ਉਮਰ, ਚੰਗੀ ਸਿਹਤ ਅਤੇ ਉਜਵਲ ਭਵਿੱਖ ਦੀ ਕਾਮਨਾ ਕੀਤੀ।



ਕਾਰਜਕਾਰੀ ਕਮੇਟੀ ਦੀ ਮੀਟਿੰਗ ਜਦੋਂ ਜਲੰਧਰ ਵਿਖੇ ਹੋਈ ਸੀ ਇਹ ਫੈਸਲਾ ਕੀਤਾ ਗਿਆ ਸੀ ਕਿ ਬੇਗੋਵਾਲ ਕਾਲਜ ਵਿੱਚ ਕੋਚਿੰਗ ਸੈਂਟਰ ਖੋਲਿਆ ਜਾਵੇਗਾ। ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ ਅਤੇ ਕਮੇਟੀ ਦੇ ਪ੍ਰਧਾਨ ਅਤੇ ਹੋਰ ਮੈਂਬਰਾਂ ਨੇ ਕਾਲਜ ਦੀ ਬਿਲਡਿੰਗ ਵਿੱਚ ਕੋਚਿੰਗ ਸੈਂਟਰ ਵਾਸਤੇ ਜਗ੍ਹਾ ਦੇਣ ਦਾ ਵਾਇਦਾ ਕੀਤਾ ਸੀ। ਕੋਚਿੰਗ ਸੈਂਟਰ ਸਥਾਪਿਤ ਕਰਨ ਵਾਸਤੇ ਪ੍ਰਧਾਨ ਜੀ ਵੱਲੋਂ ਸ. ਹਰਜੀਤ ਸਿੰਘ ਯੂ.ਐਸ.ਏ. ਦੀ ਅਗਵਾਹੀ ਹੇਠ ਕਮੇਟੀ ਬਣਾ ਦਿੱਤੀ ਗਈ ਹੈ। ਇਸ ਕਮੇਟੀ ਦੀ ਪਹਿਲੀ ਮੀਟਿੰਗ ਬੇਗੋਵਾਲ ਵਿੱਚ ਹੋ ਚੁੱਕੀ ਹੈ ਅਤੇ ਸ. ਜੋਗਿੰਦਰ ਸਿੰਘ ਅਜੈਬ ਨੂੰ ਕੋਚਿੰਗ ਸੈਂਟਰ ਖੋਲਣ ਵਾਸਤੇ ਕਨਵੀਨੀਅਰ ਬਣਾ ਦਿੱਤਾ ਗਿਆ ਹੈ ਜਿਸਦਾ ਉਦਘਾਟਨ ਜਲਦੀ ਹੀ ਕਰ ਦਿੱਤਾ ਜਾਵੇਗਾ।

ਪਿਛਲੇ ਹਫਤੇ ਹੀ ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਵਿੱਚ 4000 ਸਿਪਾਹੀ ਭਰਤੀ ਕਰਨ ਵਾਸਤੇ ਅਸਾਮੀਆਂ ਕੱਢੀਆਂ ਹਨ। ਜਿਸਦੀ ਅਪਲਾਈ ਕਰਨ ਦੀ ਆਖਰੀ ਤਾਰੀਕ 22-02-2018 ਰੱਖੀ ਗਈ ਹੈ। ਪ੍ਰਧਾਨ ਜੀ ਨੇ ਇਹਨਾਂ ਆਸਾਮੀਆਂ ਦੀਆਂ ਸ਼ਰਤਾਂ ਵੈਬਸਾਈਟ ਤੋਂ ਕੱਢ ਕੇ ਸਭ ਅਹੁਦੇਦਾਰਾਂ ਅਤੇ ਕੋਚਿੰਗ ਸੈਂਟਰ ਦੇ ਮੈਂਬਰਾਂ ਨੂੰ ਕਾਪੀਆਂ ਭੇਜ ਦਿੱਤੀਆਂ ਹਨ। ਪ੍ਰਧਾਨ ਜੀ ਦੀ ਇਹ ਕੋਸ਼ਿਸ਼ ਹੈ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਪ੍ਰੇਰਿਤ ਕੀਤਾ ਜਾਵੇ ਅਤੇ ਬੇਗੋਵਾਲ ਕੋਚਿੰਗ ਸੈਂਟਰ ਵਿੱਚ ਕੁਝ ਦਿਨ ਟ੍ਰੇਨਿੰਗ ਵੀ ਦਿੱਤੀ ਜਾਵੇ ਤਾਂ ਜੋ ਵੱਧ ਤੋਂ ਵੱਧ ਬੱਚੇ/ਬੱਚੀਆਂ ਭਰਤੀ ਹੋ ਸਕਣ। ਰਿਜ਼ਨਲ ਪ੍ਰਧਾਨਾਂ ਨੂੰ ਵੀ ਸਾਰੀਆਂ ਸ਼ਰਤਾਂ ਦੀਆਂ ਕਾਪੀਆਂ ਭੇਜੀਆਂ ਜਾ ਚੁੱਕੀਆਂ ਹਨ ਅਤੇ ਬੇਨਤੀ ਕੀਤੀ ਗਈ ਹੈ ਕਿ ਪਿੰਡ-ਪਿੰਡ ਜਾ ਕਿ ਇਸ ਬਾਰੇ ਸੂਚਿਤ ਕਰਨ ਅਤੇ ਭਰਤੀ ਵਾਸਤੇ ਪ੍ਰੇਰਿਤ ਕਰਨ।

27-01-2018 ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਵੀ ਸਭ ਤੋਂ ਵੱਧ ਚਰਚਾ ਇਸ ਬਾਰੇ ਹੀ ਕੀਤੀ ਗਈ ਅਤੇ ਸਰਵ ਸੰਮਤੀ ਨਾਲ ਪਾਸ ਕੀਤਾ ਗਿਆ ਕਿ ਕੋਚਿੰਗ ਸੈਂਟਰ ਛੇਤੀ ਤੋਂ ਛੇਤੀ ਚਾਲੂ ਕੀਤਾ ਜਾਵੇ ਅਤੇ ਪੁਲਿਸ ਭਰਤੀ ਵਾਸਤੇ ਸਾਰੇ ਯੋਗ ਬੱਚਿਆਂ ਨੂੰ ਪ੍ਰੇਰਿਤ ਕੀਤਾ ਜਾਵੇ। ਇਸ ਭਰਤੀ ਬਾਰੇ ਸਾਰੀਆਂ ਹੀ ਸ਼ਰਤਾਂ ਦੀ ਕਾਪੀ ਸਾਰੇ ਰਿਜ਼ਨਲ ਪ੍ਰਧਾਨਾਂ ਨੂੰ ਭੇਜ ਦਿੱਤੀ ਗਈ ਹੈ।

ਭਵਨ ਇਸ ਵਾਰ ਫੇਰ ਬਾਗਵਾਨੀ ਵਿੱਚ ਇਨਾਮ ਜਿੱਤ ਸਕੇ ਇਸ ਲਈ ਬਗੀਚੇ ਅਤੇ ਭਵਨ ਦੀ ਸੁੰਦਰਤਾ ਹੋਰ ਵਧੀਆ ਬਣਾਈ ਜਾਵੇ ਇਸ ਵਾਸਤੇ ਕੰਮ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਭਵਨ ਦੇ ਮੈਂਟੇਨੈਂਸ ਸਕੱਤਰ ਸ. ਨਿਰਮਲ ਸਿੰਘ ਬੜੀ ਲਗਨ ਨਾਲ ਇਹ ਕੰਮ ਕਰ ਰਹੇ ਹਨ। ਭਵਨ ਦੀ ਦਿੱਖ ਬਹੁਤ ਵਧੀਆ ਹੋ ਚੁੱਕੀ ਹੈ ਅਤੇ ਬਗੀਚਾ ਵੀ ਦਿਲ ਖਿਚਵਾਂ ਬਣ ਚੁੱਕਾ ਹੈ।

**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਲੋਭੀ ਤੇ ਆਲਸੀ ਮਨ


**'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।**

**ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**

**ਸੇਵਾ ਥੋਰੀ ਮਾਂਗਨੁ ਬਹੁਤਾ॥**
**ਮਹਲੁ ਨ ਪਾਵੈ ਕਹਤੋ ਪਹੁਤਾ॥**

(ਸੂਹੀ ਮ: ੫, ਪੰਨਾ ੭੩੮)

ਲੋਭੀ, ਤ੍ਰਿਸ਼ਨਾਲੂ ਤੇ ਆਲਸੀ ਬੰਦਾ ਚਾਹੁੰਦਾ ਤਾਂ ਇਹ ਹੈ ਕਿ ਮੈਨੂੰ ਸਭ ਕੁਝ ਹੀ ਮਿਲ ਜਾਵੇ। ਖ਼ਿਆਲੀ ਘੋੜੇ ਦੁੜਾਉਂਦਾ ਤਾਂ ਇਹ ਇਥੇ ਤਕ ਪਹੁੰਚ ਜਾਂਦਾ ਹੈ ਕਿ ਮੈਨੂੰ ਤ੍ਰਿਲੋਕੀ ਦਾ ਰਾਜ ਹੀ ਮਿਲ ਜਾਵੇ। ਪਰ ਉਸ ਦੇ ਇਵਜ਼ ਵਿਚ ਬਦਲੇ ਵਿਚ ਜੋ ਦੇਣਾ ਹੈ ਇਹ ਦੇਣ ਲਈ ਤਿਆਰ ਨਹੀਂ। ਇਹ ਚਾਹੁੰਦਾ ਹੈ ਕਿ ਕਰਨਾ ਕੁਝ ਵੀ ਨਾ ਪਵੇ ਤੇ ਮਿਲ ਸਭ ਕੁਝ ਹੀ ਜਾਵੇ। ਤੇ ਜੇ ਇਸ ਨੂੰ ਕਿਹਾ ਜਾਵੇ ਕਿ ਕੁਝ ਤੂੰ ਵੀ ਕਰ ਤਾਂ ਹੀ ਕੁਝ ਮਿਲੇਗਾ। ਫਿਰ ਅੱਗੋਂ ਉੱਤਰ ਤਿਆਰਰ ਹੈ ਕਿ ਫਿਰ ਰੱਬ ਦੀ ਕ੍ਰਿਪਾ ਕੀ ਹੋਈ? ਅਨੰਦ ਤੇ ਤਾਂ ਹੀ ਹੈ ਕਿ ਬਿਨਾਂ ਕੀਤਿਆਂ ਹੀ ਸਭ ਕੁਝ ਮਿਲ ਜਾਵੇ।



ਪੁਰਾਣੇ ਮੁਹਾਵਰਿਆਂ ਵਿਚ ਬੜੀਆਂ ਰਮਜ਼ਾਂ ਹਨ, ਬੜੇ ਬਰੀਕ ਇਸ਼ਾਰੇ ਹਨ। ਕੁਝ ਖਾਸ ਵਿਅੰਗ ਹਨ। ਇਕ ਮੁਹਾਵਰਾ ਹੈ ਕਿ ਪ੍ਰਮਾਤਮਾ ਜਦੋਂ ਦਿੰਦਾ ਹੈ, ਛੱਪਰ ਪਾੜ ਕੇ ਦਿੰਦਾ ਹੈ। ਛੱਪਰ ਪਾੜਨ ਦਾ ਕੀ ਭਾਵ ਹੈ ? ਅਸੀਂ ਕਹਿ ਦਿੰਦੇ ਹਾਂ ਪਰ ਇਸ ਦੇ ਭਾਵ ਬਾਰੇ ਅਸੀਂ ਬਹੁਤ ਘੱਟ ਹੀ ਸੋਚਿਆ ਹੈ। ਜੇ ਕੋਈ ਦੇਣ ਵਾਸਤੇ ਸਾਡੇ ਘਰ ਆ ਜਾਵੇ ਤੇ ਆਖੇ ਮੈਂ ਦੇਣ ਵਾਸਤੇ ਆਇਆ ਹਾਂ, ਤਾਂ ਘੱਟੋ-ਘੱਟ ਸਾਨੂੰ ਦਰਵਾਜ਼ਾ ਤਾਂ ਖੋਲ੍ਹਣਾ ਹੀ ਪਵੇਗਾ। ਆਏ ਨੂੰ ਇਹ ਤਾਂ ਕਹਿਣਾ ਹੀ ਪਵੇਗਾ ਕਿ ਤੁਹਾਡਾ ਸ਼ੁਕਰਾਨਾ ਹੈ। ਜਲ-ਪਾਣੀ ਤਾਂ ਪੁੱਛਣਾ ਹੀ ਪਵੇਗਾ। ਛੱਪਰ ਪਾੜਨ ਦਾ ਭਾਵ ਹੈ ਕਿ ਕੋਈ ਉਪਰੋਂ ਛੱਤ ਪਾੜ ਕੇ ਹੀ ਸੁੱਟ ਜਾਵੇ ਉੱਠ ਕੇ ਦਰਵਾਜ਼ਾ ਵੀ ਨਾ ਖੋਲ੍ਹਣਾ ਪਵੇ।

ਮੈਂ ਆਲਸੀਆਂ ਦੇ ਸੰਬੰਧ ਵਿਚ ਇਕ ਮਜ਼ਾਕ ਸੁਣਿਆ ਸੀ ਕਿ ਇਕ ਤਰਸਵਾਨ ਦਾਨੀ ਇਕ ਆਲਸੀ ਨੂੰ ਕਹਿਣ ਲੱਗਾ, "ਲੈ ਇਹ ਪੈਸੇ ਲੈ ਲੈ। ਅੱਗੋਂ ਉਹ ਕਹਿਣ ਲੱਗਾ ਫਿਰ ਕਿਸੇ ਵੇਲੇ ਦੇ ਜਾਵੀਂ।" ਦਾਨੀ ਵੀ ਹੈਰਾਨ ਹੋਇਆ ਕਿ ਹੁਣ ਤੈਨੂੰ ਪੈਸੇ ਲੈਣ ਵਿਚ ਕੀ ਤਕਲੀਫ ਹੈ ਹੁਣੇ ਹੀ ਕਿਉਂ ਨਹੀਂ ਲੈ ਲੈਂਦਾ? ਕਹਿਣ ਲੱਗਾ ਹੁਣ ਲੇਟਿਆ ਹਾਂ ਤੇ ਜੇਬ ਥੱਲੇ ਆਈ ਹੈ ਪੈਸੇ ਪਾਵਾਂਗਾ ਕਿੱਥੇ? ਇਹ ਮਜ਼ਾਕ ਹੀ ਨਹੀਂ, ਇਕ ਵਿਅੰਗ ਹੈ। ਮਨੁੱਖ ਚਾਹੁੰਦਾ ਹੈ ਕੋਈ ਛੱਪਰ ਪਾੜ ਕੇ ਸੁੱਟ ਜਾਏ ਪਰ ਧਨ ਦੇ ਮਸਲੇ ਵਿਚ ਨਹੀਂ, ਧਰਮ ਦੇ ਮਸਲੇ ਵਿਚ ਵੀ ਸੱਚ ਹੈ। ਮੈਂ ਅੱਖੀਂ ਵੇਖਿਆ ਹੈ ਕਿ ਗੰਦਾ-ਮੰਦਾ ਨਾਵਲ ਕੋਈ ਮੁਫ਼ਤ ਦੇਵੇ ਬੰਦਾ ਸਾਂਭ ਕੇ ਰੱਖ ਲੈਂਦਾ ਹੈ। ਪਰ ਕੋਈ ਧਾਰਮਿਕ ਗ੍ਰੰਥ ਦੇਵੇ ਤਾਂ ਕੌਣ ਸਾਂਭਦਾ ਹੈ। ਇਕ ਵਾਰ ਇਕ ਈਸਾਈ ਮਿਸ਼ਨਰੀ ਨੂੰ ਵੇਖਿਆ ਸੀ ਜੋ ਮੁਫ਼ਤ ਬਾਈਬਲ ਵੰਡ ਰਿਹਾ ਸੀ, ਇਕ ਸੱਜਣ ਨੇ ਲਈ ਤੇ ਅੱਗੇ ਸੁੱਟ ਦਿੱਤੀ। ਇਹੀ ਹਾਲ ਹੈ ਧਰਮ ਦਾ ਬੰਦਾ ਕੁਝ ਕਰਨ ਲਈ ਤਿਆਰ ਨਹੀਂ। ਮੰਗ ਇਸ ਦੀ ਏਨੀ ਵੱਡੀ ਹੈ ਕਿ ਧਰਮ ਮੈਨੂੰ ਸੰਸਾਰ ਦੇ ਸਾਰੇ ਹੀ ਸੁਖ ਦੇ ਦੇਵੇ। ਪਰ ਧਰਮ ਬੰਦੇ ਕੋਲ ਹੋਵੇਗਾ ਤਾਂ ਹੀ ਕੁਝ ਦੇਵੇਗਾ ਧਰਮ ਬੰਦੇ ਕੋਲ ਹੈ ਨਹੀਂ ਸਿਰਫ਼ ਧਰਮ ਦੀ ਕਲਪਨਾ ਹੀ ਹੈ। ਧਰਮ ਦੀ ਕਲਪਨਾ ਇੰਝ ਹੈ ਕਿ ਜਿਵੇਂ ਕਿਸੇ ਬੰਦੇ ਕੋਲ ਫਰੂਟ ਦਾ ਚਿੱਤਰ ਹੋਵੇ, ਚਿੱਤਰ ਤੋਂ ਕਿਵੇਂ ਰੱਜੇਗਾ? ਇਸ ਕੋਲ ਨੋਟ ਨਹੀਂ, ਨੋਟਾਂ ਦੇ ਚਿੱਤਰ ਹਨ। ਨਾ ਇਸ ਕੋਲ ਨਾ ਸਿਮਰਨ ਹੈ, ਨਾ ਸੇਵਾ ਹੈ ਇਸਦੀ ਹਾਲਤ ਤਾਂ ਅਜਿਹੀ ਹੈ ਜਿਵੇਂ ਕੋਈ ਘਰ ਵਿਚ ਪਲਾਸਟਕ ਦਾ ਪੌਦਾ ਲਾ ਦੇਵੇ ਉਸ ਨੂੰ ਪਾਣੀ ਦੀ ਲੋੜ ਨਹੀਂ ਪਰ ਉਸ ਕੋਲੋਂ ਫਲ ਦੀ ਆਸ ਵੀ ਨਾ ਰੱਖੋ, ਉਥੇ ਫੱਲ ਕਿਵੇਂ ਲੱਗਣਗੇ?

ਇਕ ਦ੍ਰਿਸ਼ਟਾਂਤ ਹੈ—ਇਕ ਧਨਵਾਨ ਨੇ ਘੋੜੇ ਦੀ ਦੇਖਭਾਲ ਲਈ ਇਕ ਨੌਕਰ ਰੱਖਿਆ। ਨੌਕਰ ਬਿਲਕੁਲ ਹੀ ਨਿਕੰਮਾ ਸੀ। ਸਿਰੇ ਦਾ ਆਲਸੀ ਸੀ। ਅੱਠੇ ਪਹਿਰ ਸੁਸਤ ਰਹਿਣ ਵਾਲਾ ਸੀ। ਹੋਰ ਕੋਈ ਨੌਕਰ ਲੱਭਦਾ ਨਹੀਂ ਸੀ ਮਜ਼ਬੂਰੀ ਸੀ ਚਲੋ ਜਿੰਨਾ ਚਿਰ ਹੋਰ ਕੋਈ ਚੰਗਾ ਹੁਸ਼ਿਆਰ ਨੌਕਰ ਲੱਭਦਾ ਨਹੀਂ ਇਸੇ ਨਾਲ ਕੰਮ ਚਲਾਈ ਜਾਂਦੇ ਹਾਂ। ਇਕ ਦਿਨ ਇਹ ਨੌਕਰ ਆਪਣੀ ਮਾਂ ਨੂੰ ਕਹਿਣ ਲੱਗਾ, "ਮਾਂ ਮੈਂ ਵੀ ਆਪਣਾ ਘਰ ਆਪਣੇ ਮਾਲਕ ਵਰਗਾ ਬਣਾਵਾਂਗਾ। ਮੈਂ ਵੀ ਘੋੜੇ ਰੱਖਾਂਗਾ ਫਿਰ ਮੈਂ ਵੀ ਘੋੜਿਆਂ ਦੀ ਦੇਖਭਾਲ ਵਾਸਤੇ ਨੌਕਰ ਰੱਖਾਂਗਾ। ਨੌਕਰ ਵੀ ਮਾਲਕ ਬਨਣ ਦੇ ਸੁਪਨੇ ਲੈਂਦੇ ਹਨ। ਭਿਖਾਰੀ ਵੀ ਸਮਰਾਟ ਬਨਣ ਲਈ ਸੋਚਦੇ ਰਹਿੰਦੇ ਹਨ। ਮਾਂ ਹੱਸ ਪਈ, ਕਹਿਣ ਲੱਗੀ, "ਕਮਲੇ ਬੇਟੇ ਪਹਿਲਾਂ ਤਾਂ ਤੈਨੂੰ ਕੋਈ ਨੌਕਰ ਰੱਖਣ ਵਾਸਤੇ ਹੀ ਤਿਆਰ ਨਹੀਂ ਸੀ ਤੂੰ ਇੰਨਾ ਸੁਸਤ ਹੈਂ। ਹੁਣ ਜੇ ਨੌਕਰੀ ਮਿਲ ਗਈ ਹੈ ਤਾਂ ਠੀਕ ਤਰ੍ਹਾਂ ਕੰਮ ਕਰ ਸਾਡੀ ਰੋਟੀ ਚਲਦੀ ਜਾਵੇ। ਅੱਗੋਂ ਉਹ ਕਹਿਣ ਲੱਗਾ ਮਾਂ ਕੋਈ ਅਜਿਹਾ ਢੰਗ ਨਹੀਂ ਕਿ ਮੇਰੀ ਤਨਖਾਹ ਵਧ ਜਾਵੇ। ਮਾਂ ਨੇ ਕਿਹਾ ਢੰਗ ਹੈ ਈਮਾਨਦਾਰੀ ਨਾਲ ਮਿਹਨਤ ਕਰ ਫਿਰ ਮਾਲਕ ਖ਼ੁਸ਼ ਹੋ ਜਾਵੇਗਾ ਤੇ ਤੇਰੀ ਤਨਖਾਹ ਵਧਾ ਦੇਵੇਗਾ। ਇਸ ਨੇ ਪੁੱਛਿਆ ਮਾਲਕ ਖ਼ੁਸ਼ ਹੋਵੇਗਾ ਇਸ ਦੀ ਕੋਈ ਨਿਸ਼ਾਨੀ? ਮਾਂ ਨੇ ਕਿਹਾ

ਜਦੋਂ ਖ਼ੁਸ਼ ਹੋਵੇਗਾ ਹੱਸਦਾ ਹੋਵੇਗਾ ਉਸ ਵੇਲੇ ਬੇਸ਼ੱਕ ਆਪਣੀ ਬੇਨਤੀੀ ਕਰਨੀ ਕਿ ਮਾਲਕ ਕ੍ਰਿਪਾ ਕਰਕੇ ਮੇਰੀ ਕੁਝ ਤਨਖਾਹ ਵਧਾ ਦਿਓ। ਇਹ ਸਮਝ ਗਿਆ ਤੇ ਤਾੜ ਵਿਚ ਸੀ ਕਿ ਕਦੋਂ ਮਾਲਕ ਹੱਸੇ ਤੇ ਮੈਂ ਬੇਨਤੀ ਕਰਾਂ ਕਿ ਮਾਲਕ ਮੇਰੀ ਤਨਖਾਹ ਵਧਾ ਦਿਓ। ਪਰ ਮਾਲਕ ਬੜਾ ਗੰਭੀਰ ਸੀ, ਹੱਸਦਾ ਨਹੀਂ ਸੀ। ਖੈਰ ਸਮਾਂ ਬੀਤਦਾ ਗਿਆ। ਇਕ ਦਿਨ ਘੋੜੇ ਦਾ ਰਖਵਾਲਾ ਨੌਕਰ ਸੁੱਤਾ ਪਿਆ ਸੀ। ਚੋਰ ਆਇਆ ਤੇ ਬੜੀ ਆਸਾਨੀ ਨਾਲ ਘੋੜਾ ਚੋਰੀ ਕਰ ਕੇ ਲੈ ਗਿਆ। ਦਿਨ ਚੜ੍ਹਿਆ ਮਾਲਕ ਨੇ ਕਿਤੇ ਜਾਣਾ ਸੀ ਆਵਾਜ਼ ਦਿੱਤੀ ਕਿ ਘੋੜਾ ਤਿਆਰ ਕਰੋ। ਇਹ ਸੁੱਤਾ ਸੁੱਤਾ ਜਾਗਿਆ ਤੇ ਕਹਿਣ ਲੱਗਾ, ਮਾਲਕ ਥੋੜ੍ਹੀ ਦੇਰ ਲੱਗੇਗੀ, ਥੋੜ੍ਹਾ ਉਡੀਕਣਾ ਪਵੇਗਾ। ਮਾਲਕ ਨੇ ਪੁੱਛਿਆ, "ਕਿਉਂ? ਕਹਿਣ ਲੱਗਾ ਕਿਉਂਕਿ ਘੋੜਾ ਚੋਰ ਲੈ ਗਿਆ ਹੈ। ਮਾਲਕ ਲੋਹਾ ਲਾਖਾ ਹੋਇਆ, ਕ੍ਰੋਧ ਨਾਲ ਭਰਿਆ ਇਸ ਦੇ ਕੋਲ ਆਇਆ।" ਇਹ ਕਹਿਣ ਲੱਗਾ, ਬਸ ਹੁਣੇ ਹੀ ਮੈਂ ਚੋਰ ਤੇ ਘੋੜਾ ਦੋਵੇਂ ਹੀ ਤੁਹਾਡੇ ਹਵਾਲੇ ਕਰ ਦਿਆਂਗਾ। ਚੋਰ ਘੋੜਾ ਤਾਂ ਲੈ ਗਿਆ ਬੰਨ੍ਹਣ ਵਾਲਾ ਕਿੱਲਾ ਨਹੀਂ ਲੈ ਕੇ ਗਿਆ। ਹੁਣੇ ਆਵੇਗਾ ਤਾਂ ਮੈਂ ਫੜ ਕੇ ਤੁਹਾਡੇ ਹਵਾਲੇ ਕਰ ਦਿਆਂਗਾ। ਮਾਲਕ ਇਸ ਦੀ ਮੂਰਖਤਾ ਤੇ ਹੱਸ ਪਿਆ ਇਸ ਨੂੰ ਮਾਂ ਦੀ ਗੱਲ ਯਾਦ ਆ ਗਈ ਕਹਿਣ ਲੱਗਾ।

ਮਾਲਕ ਮੇਰੀ ਥੋੜ੍ਹੀ ਤਨਖਾਹ ਵਧਾ ਦਿਓ। ਅੱਗੋਂ ਕੀ ਹੋਇਆ ਹੋਵੇਗਾ। ਇਹ ਅਸੀਂ ਆਪ ਅੰਦਾਜ਼ਾ ਲਗਾ ਲਈਏ। ਅਸੀਂ ਚਾਹੁੰਦੇ ਤਾਂ ਇਹੀ ਹਾਂ ਕਿ ਪ੍ਰਮਾਤਮਾ ਹੋਰ ਵਧਾ ਦੇ, ਸਾਡੀ ਤਨਖ਼ਾਹ ਹੋਰ ਵਧਾ ਦੇ। ਪਰ ਜੋ ਉਸ ਨੇ ਸਾਨੂੰ ਜ਼ਿੰਮੇਵਾਰੀ ਸੌਂਪੀ ਸੀ ਅਸੀਂ ਈਮਾਨਦਾਰੀ ਨਾਲ ਉਸ ਜ਼ਿੰਮੇਵਾਰੀ ਨੂੰ ਨਿਭਾਇਆ ਹੈ ਕਿ ਨਹੀਂ? ਅਸੀਂ ਤਾਂ ਉਸਦਾ ਦਿੱਤਾ ਸਭ ਕੁਝ ਹੀ ਲੁਟਾ ਦਿੱਤਾ ਹੈ। ਇਹ ਸਰੀਰ ਇਹ ਹਿਰਦਾ ਇਸਦਾ ਅਸੀਂ ਕੀ ਹਾਲ ਕੀਤਾ ਹੈ? ਅਸੀਂ ਤਨ ਵੀ ਬਰਬਾਦ ਕਰ ਦਿੱਤਾ ਹੈ।

***ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠ ਖਲੋਏ ਰੋਗ।***

ਅਸੀਂ ਉਸ ਦੇ ਦਿੱਤੇ ਦੀ ਰਖਵਾਲੀ ਕਰਨ ਦੀ ਬਜਾਇ ਸਭ ਕੁਝ ਹੀ ਲੁਟਾ ਚਦਿੱਤਾ ਹੈ। ਮਨ ਪਾਪਾਂ ਨਾਲ, ਮੰਦੇ ਵਿਚਾਰਾਂ ਨਾਲ ਭਰ ਦਿੱਤਾ ਹੈ। ਅਸੀਂ ਤਾਂ ਉਸਦਾ ਪਵਿੱਤਰ ਸਰੋਵਰ ਸਰੀਰ ਗੰਦਗੀ ਨਾਲ ਭਰ ਦਿੱਤਾ ਹੈ। ਫਿਰ ਕਹਿੰਦੇ ਹਾਂ ਕਿ ਪ੍ਰਮਾਤਮਾ ਸਾਡੀ ਤਨਖਾਹ ਵਧਾ ਦੇ।

ਗੁਰੂ ਨਾਨਕ ਦੇਵ ਸੱਚ ਕਹਿੰਦੇ ਹਨ :

***ਤੇਰੇ ਲਾਲੇ ਕਿਆ ਚਤੁਰਾਈ॥***

***ਸਾਹਿਬ ਕਾ ਹੁਕਮੁ ਨਾ ਕਰਣਾ ਜਾਈ।***

(ਮਾਰੂ ਮ ੧. ਪੰਨਾ ੯੯੧)

ਭਾਈ ਗੁਰਦਾਸ ਜੀ ਠੀਕ ਕਹਿੰਦੇ ਹਨ ਕਿ

***ਅਪੁਨੀ ਕਰਣੀ ਕਰਿ ਨਰਕ ਹੂੰ ਨਾ ਪਾਵਉ ਠੌਰ,***

***ਤੁਮਰੇ ਬਿਰਦ ਕਰਿ ਆਸਰੋ ਸੰਭਾਰ ਹੋ।***

ਅਸੀਂ ਤਾਂ ਚਾਹੁੰਦੇ ਹਾਂ, ਅਸੀਂ ਮਾਲਕ ਵਾਂਗੂੰ ਬੈਠੇ ਰਹੀਏ ਤੇ ਪ੍ਰਮਾਤਮਾ ਨੌਕਰਾਂ ਵਾਂਗੂੰ ਸਾਡੇ ਸਾਰੇ ਹੀ ਕੰਮ ਕਰਦਾ ਰਹੇ। ਪਰ ਇਹ ਭਗਤੀ ਹੈ? ਕੀ ਇਹਹ ਸੇਵਕੀ ਹੈ? ਭਗਤੀ ਸੇਵਕੀ ਤਾਂ ਇਹ ਹੈ ਕਿ ਤਨ-ਮਨ ਲਾ ਕੇ ਉਸਦੀ ਸੇਵਾ ਕਰੀਏ। ਜੇ ਕੰਮ ਸਿਰੇ ਨਾ ਚੜ੍ਹੇ ਤਾਂ ਫਿਰ ਉਸ ਅੱਗੇ ਜੋਦੜੀ ਕਰੀਏ ਕਿ ਹੇ ਪਿਤਾ! ਜੋ ਸ਼ਕਤੀ ਤੁਸੀਂ ਦਿੱਤੀ ਸੀ ਉਸ ਨਾਲ ਕਾਰਜ ਰਾਸ ਨਹੀਂ ਹੋਇਆ। ਹੋਰ ਸ਼ਕਤੀ ਪ੍ਰਦਾਨ ਕਰੋ ਪਰ ਇਹ ਗੱਲ ਤਾਂ ਆਖੀਏ ਜੇ ਪਹਿਲੀ ਸਾਰੀ ਸ਼ਕਤੀ ਵਰਤ ਲਈਏ, ਸੇਵਾ ਪੂਰੀ ਕਰੀਏ, ਮੰਗਣ ਦੀ ਲੋੜ ਬਿਲਕੁਲ ਨਹੀਂ ਪਵੇਗੀ। ਬਿਨਾਂ ਮੰਗਿਆਂ ਸਭ ਕੁਝ ਮਿਲੇਗਾ ਪਰ ਇਹ ਮਤਿ ਤਾਂ ਹੀ ਆਵੇਗੀ ਜੇ ਬਹੀਐ ਪੜਿਆ ਪਾਸਿ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਬਸੰਤ ਰੁੱਤ



ਸਾਡੇ ਦੇਸ਼ ਵਿਚ ਤਿਉਹਾਰ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਲੋਕ ਬੜੇ ਚਾਅ ਨਾਲ ਹੁਮਾ ਹੁਮਾ ਕੇ ਇਨ੍ਹਾਂ ਤਿਉਹਾਰਾਂ ਤੇ ਮੇਲਿਆਂ ਵਿਚ ਪੁੱਜਦੇ ਹਨ। ਕਿਸੇਂ ਤਿਉਹਾਰ ਮਨਾਉਣ ਨਾਲ ਸਾਨੂੰ ਉਸ ਦਿਵਸ ਦੀ ਯਾਦ ਤਾਜ਼ਾ ਹੋ ਜਾਂਦੀ ਹੈ ਅਤੇ ਜਦੋਂ ਅਸੀਂ ਸਾਰੇ ਮਿਲ ਕੇ ਉਸ ਦਿਨ ਨੂੰ ਮਨਾਉਂਦੇ ਹਾਂ ਤਾਂ ਸਾਨੂੰ ਖ਼ੁਸ਼ੀ ਮਿਲਦੀ ਹੈ। ਲੋਕਾਂ ਵਿਚ ਸਾਂਝ ਵਧਦੀ ਹੈ। ਸਾਨੂੰ ਆਪਣੇ ਭਾਈਚਾਰੇ ਵਿਚੋਂ ਸੁਖ ਸ਼ਾਂਤੀ ਮਿਲਦੀ ਹੈ। ਇਸ ਕਰਕੇ ਹਰ ਤਿਉਹਾਰ ਨੂੰ ਪਵਿੱਤਰ ਅਤੇ ਖ਼ੁਸ਼ੀ ਦਾ ਦਿਨ ਮੰਨਿਆ ਜਾਂਦਾ ਹੈ।

ਸਾਡੇ ਬਹੁਤੇ ਤਿਉਹਾਰ ਬਦਲਦੀਆਂ ਰੁੱਤਾਂ ਨਾਲ ਸਬੰਧ ਰਖਦੇ ਹਨ। ਬਸੰਤ ਪੰਚਮੀ, ਹੋਲੀ ਅਤੇ ਵੈਸਾਖੀ ਵਰਗੇ ਤਿਉਹਾਰ ਰੁੱਤਾਂ ਨਾਲ ਹੀ ਜੁੜੇ ਹੋਏ ਹਨ। ਕਈ ਵਾਰ ਕਿਸੇ ਮਹਾਂ ਪੁਰਸ਼ ਜਾਂ ਕਿਸੇ ਵਿਸ਼ੇਸ਼ ਘਟਨਾ ਨਾਲ ਜੁੜਨ ਕਰਕੇ ਇਹ ਤਿਉਹਾਰ ਹੋਰ ਵੀ ਪਵਿੱਤਰ ਬਣ ਜਾਂਦੇ ਹਨ। ਬਸੰਤ ਪੰਚਮੀ ਦਾ ਪੁਰਬ ਬੜਾ ਰੰਗੀਲਾ ਹੈ ਪਰ ਇਹ ਇਸ ਕਰਕੇ ਵੀ ਪਵਿੱਤਰ ਤੇ ਮਹਾਨ ਹੈ ਕਿਉਂਕਿ ਇਸ ਨਾਲ ਵੀਰ ਹਕੀਕਤ ਰਾਏ ਦੀ ਸ਼ਹੀਦੀ ਜੁੜੀ ਹੋਈ ਹੈ।

ਬਸੰਤ ਪੰਚਮੀ ਸਾਡੇ ਦੇਸ਼ ਦਾ ਇਕ ਲੋਕ ਤਿਉਹਾਰ ਹੈ। ਸਮੇਂ ਦੇ ਗੇੜ ਨਾਲ ਇਸ ਤਿਉਹਾਰ ਨੇ ਵੀ ਕਈ ਰੂਪ ਬਦਲੇ ਹਨ। ਹੁਣ ਇਹ ਪੂਰੇ ਨਿਖਾਰ ਨਾਲ ਭਾਰਤ ਵਿਚ ਕੇਵਲ ਰੁੱਤ ਪੂਰਬ ਵਜੋਂ ਹੀ ਮਨਾਇਆ ਜਾਂਦਾ ਹੈ।

ਪਾਲੇ ਨਾਲ ਕੰਬਦੇ ਲੋਕ ਤੇ ਜੀਵ-ਜੰਤੂ ਬਸੰਤ ਰੁੱਤ ਨੂੰ ਜੀ ਆਇਆ ਆਖਦੇ ਹਨ। ਰੁੰਡ-ਮਰੁੰਡ ਰੁੱਖਾਂ ਤੇ ਪੌਦਿਆਂ ਉੱਤੇ ਵੀ ਨਵੀਆਂ ਕਰੂੰਬਲਾ ਫੁੱਟ ਪੈਂਦੀਆਂ ਹਨ। ਇਸ ਤਰ੍ਹਾਂ ਲਗਦਾ ਹੈ ਜਿਵੇਂ ਸੀਤ ਰੁੱਤ ਵਿਚ ਫੁੱਲ ਬੂਟੇ ਸੌਂ ਗਏ ਸਨ ਤੇ ਬਸੰਤ ਰਾਣੀ ਨੇ ਉਨ੍ਹਾਂ ਨੂੰ ਹਲੂਣ ਕੇ ਜਗਾ ਦਿੱਤਾ ਹੈ। ਉਨ੍ਹਾਂ ਅੱਖਾਂ ਪੁੱਟ ਲਈਆਂ ਹਨ। ਉਨ੍ਹਾਂ ਅੱਖਾਂ ਵਿਚੋਂ ਹਰੀ ਹਰੀ ਭਾਹ ਦੀਆਂ ਪਤਲੀਆਂ ਤੇ ਕੋਮਲ ਕੋਮਲ ਕਰੂੰਬਲਾਂ ਬਾਹਰ ਵੱਲ ਝਾਕਣ ਲਗਦੀਆਂ ਹਨ। ਇਹ ਮਹੀਨਾ ਪਿਆਰੀ ਮਹਿਕਾਂ ਭਰੀ ਬਸੰਤ ਰੁੱਤ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਇਸ ਰੁੱਤ ਨੂੰ ਅਸੀਂ ਕਈ ਤਰ੍ਹਾਂ ਨਾਲ ਮਨਾਉਂਦੇ ਆ ਰਹੇ ਹਾਂ। ਕਿੱਧਰੇ ਬੱਚੇ ਬਸੰਤੀ ਕੱਪੜੇ ਪਾ ਕੇ ਬਸੰਤੀ ਡੋਰਾਂ ਤੇ ਬਸੰਤੀ ਪਤੰਗਾਂ ਨਾਲ ਪੇਚੇ ਲਗਾ ਰਹੇ ਹੁੰਦੇ ਹਨ। ਪਤੰਗਬਾਜ਼ੀ ਪੂਰੇ ਜ਼ੋਰਾਂ ਤੇ ਹੁੰਦੀ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਅਕਾਸ਼ ਵਿਚ ਰੰਗ ਬਰੰਗੇ ਪੰਛੀ ਉਡਾਰੀਆਂ ਭਰ ਰਹੇ ਹੋਣ। ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਪਤੰਗਬਾਜ਼ੀ ਦੇ ਮੁਕਾਬਲੇ ਵੀ ਹੁੰਦੇ ਹਨ। ਇਕ ਪਾਸਿਓਂ ਕੋ ਬਾਟਾ ਦਾ ਸ਼ੋਰ ਉਠਦਾ ਹੈ। ਦੂਜੇ ਪਾਸਿਉਂ ਬੱਚੇ ਇਸ ਕਟੀ ਹੋਈ ਪਤੰਗ ਨੂੰ ਲੁੱਟਣ ਲਈ ਦੌੜ ਪੈਂਦੇ ਹਨ।

ਬਸੰਤ ਪਤੰਗਬਾਜ਼ੀ ਲਈ ਸਭ ਤੋਂ ਵਧੀਆ ਰੁੱਤ ਹੈ। ਇਸ ਰੁੱਤੇ ਪੌਣ ਬਹੁਤੀ ਤੇਜ਼ ਨਹੀਂ ਵਗਦੀ ਸਗੋਂ ਮੰਦ ਰੁਮਕ ਰਹੀ ਹੁੰਦੀ ਹੈ। ਪੌਣ ਬਹੁਤੀ ਸਿੱਲ੍ਹੀ ਵੀ ਨਹੀਂ ਹੁੰਦੀ। ਅਸਮਾਨ ਸਾਫ਼ ਸੁਥਰਾ ਤੇ ਸੁਹਣਾ ਵਿਖਾਈ ਦੇ ਰਿਹਾ ਹੁੰਦਾ ਹੈ। ਮੀਂਹ, ਹਨ੍ਹੇਰੀ ਜਾਂ ਝੱਖੜ ਦਾ ਕੋਈ ਡਰ ਵੀ ਨਹੀਂ ਹੁੰਦਾ। ਨਿੱਘੀ ਨਿੱਘੀ ਧੁੱਪ ਵਿਚ ਖੇਡਣ ਨੂੰ ਜੀਅ ਕਰਦਾ ਹੈ। ਪਤੰਗਬਾਜ਼ੀ ਨਾਲੋਂ ਹੋਰ ਸੁੰਦਰ ਖੇਡ ਕਿਹੜੀ ਹੋ ਸਕਦੀ ਹੈ ਪਰ ਇਹ ਖੇਡ ਛੱਤਾਂ ਉੱਪਰ ਨਹੀਂ ਸਗੋਂ ਬਾਹਰ ਪੱਧਰੇ ਖੇਤਾਂ ਤੇ ਮੈਦਾਨਾਂ ਵਿਚ ਖੇਡਣੀ ਚਾਹੀਦੀ ਹੈ।

ਬਸੰਤ ਪੰਚਮੀ ਨੂੰ ਲੋਕ ਬਸੰਤੀ ਰੰਗੇ ਦੇ ਕਪੜੇ ਪਾ ਕੇ ਇਸ ਰੁੱਤ ਦਾ ਸੁਆਗਤ ਕਰਦੇ ਹਨ। ਬਸੰਤ ਫੁੱਲਾਂ ਵਰਗੇ ਬਸੰਤੀ ਲੋਕ। ਕੁਦਰਤ ਸੰਗ ਰਲ ਕੇ ਇਕ ਰੰਗ ਹੋ ਜਾਣਾ ਬੜੀ ਵਧੀਆ ਗੱਲ ਹੈ। ਫੁੱਲਾਂ ਵਰਗੇ ਬਣ ਕੇ ਲੋਕਾਂ ਖ਼ੁਸ਼ੀ ਤੇ ਮਹਿਕ ਵੰਡਣੀ ਕਿੰਨਾ ਉੱਤਮ ਗੁਣ ਹੈ।

ਜਦੋਂ ਕੁੜੀਆਂ ਬਸੰਤੀ ਚੁੰਨੀਆਂ ਲੈ ਕੇ ਸਰ੍ਹੋਂ ਦੇ ਖੇਤਾਂ ਵਿਚ ਸਾਗ ਤੋੜਨ ਲਈ ਨਿਕਲਦੀਆਂ ਹਨ ਤਾਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸਰ੍ਹੋਂ ਦੇ ਬਸੰਤੀ ਫੁੱਲ ਤੁਰ ਰਹੇ ਹੋਣ। ਬਸੰਤੀ ਦੁੱਪਟੇ, ਬਸੰਤੀ ਪੱਗਾ, ਬਸੰਤੀ ਰੁਮਾਲ, ਬਸੰਤੀ ਟੋਪੀਆਂ ਜਾਂ ਬਸੰਤੀ ਪਟਕੇ-ਇਹ ਸਭ ਕੁਝ ਸਾਡੀ ਖ਼ੁਸ਼ੀ ਨੂੰ ਹੀ ਤਾਂ ਦਰਸਾਂਦੇ ਹਨ। ਜੀਅ ਕਰਦਾ ਹੈ ਕਿ ਇਸ ਰੁੱਤ ਵਿਚ ਅਸੀਂ ਵੀ ਹੱਸਦੀ ਤੇ ਮਹਿਕਦੀ ਕੁਦਰਤ ਵਰਗੇ ਹੀ ਬਣ ਜਾਈਏ।

ਘਰਾਂ ਵਿਚ ਬਸੰਤੀ ਚੌਲ, ਸਾਡੀ ਉਡੀਕ ਕਰ ਰਹੇ ਹੁੰਦੇ ਹਨ। ਜਿਧਰ ਜਾਓ ਬਸੰਤ ਵਰਗਾ ਦ੍ਰਿਸ਼ ਹੀ ਨਜ਼ਰ ਆਉਂਦਾ ਹੈ। ਇਹ ਕਿਹੋ ਜਿਹਾ ਸੁਲੱਖਣਾ ਤਿਉਹਾਰ ਹੈ ਜਦੋਂ ਅਸੀਂ ਬਸੰਤ ਹੀ ਹੰਢਾ ਰਹੇ ਤੇ ਬਸੰਤ ਹੀ ਖਾ ਰਹੇ ਹੁੰਦੇ ਹਾਂ।

ਕਈ ਲੋਕ ਇਸ ਰੁੱਤ ਦੇ ਸੁਆਗਤ ਵਿਚ ਬਸੰਤ ਪੰਚਮੀ ਵਾਲੇ ਦਿਨ ਸੰਗੀਤ ਸੰਮੇਲਨ ਕਰਦੇ ਹਨ। ਇਹ ਕਿੰਨੀ ਅਨੋਖੀ ਤੇ ਪਿਆਰੀ ਗੱਲ ਹੈ ਕਿ ਅਸੀਂ ਇਸ ਰੁੱਤ ਦੀ ਮਹਿਮਾ ਗਾਉਣ ਲਈ ਸੰਗੀਤ ਵਿਚ ਵੀ ਬਸੰਤੀ ਰਾਗ ਬਣਾਇਆ ਹੋਇਆ ਹੈ। ਇਸੇ ਦਿਨ ਸਾਡੇ ਦੇਸ਼ ਦੇ ਨਾਮਧਾਰੀ ਬਾਬਾ ਰਾਮ ਸਿੰਘ ਜੀ ਦਾ ਜਨਮ ਦਿਨ ਵੀ ਮਨਾਇਆ ਜਾਂਦਾ ਹੈ। ਅੰਗਰੇਜ਼ਾਂ ਨੇ ਦੇਸ਼ ਭਗਤ ਬਾਬਾ ਜੀ ਨੂੰ ਦੇਸ਼ ਨਿਕਾਲਾ ਵੀ ਸੰਨ 1973 ਨੂੰ ਬਸੰਤ-ਪੰਚਮੀ ਵਾਲੇ ਦਿਨ ਹੀ ਦਿੱਤਾ ਸੀ। ਕਈਆਂ ਥਾਵਾਂ ਤੇ ਨਾਮਧਾਰੀ ਮੱਤ ਦੇ ਲੋਕ ਸੰਗਤ ਵਿਚ ਬੈਠ ਕੇ ਸੰਗੀਤ ਦਾ ਰਸ ਮਾਣਦੇ ਹਨ।

ਬਸੰਤ ਪੰਚਮੀ ਬਦਲਦੀ ਰੁੱਤਾ ਦਾ ਤਿਉਹਾਰ ਵੀ ਹੈ। ਹਰੇ ਭਰੇ ਖੇਤ, ਨਿੱਘੀ ਅਤੇ ਫੁੱਲਾਂ ਨਾਲ ਮਹਿਕਦੇ ਪੌਦੇ ਸਾਨੂੰ ਵਾਜਾਂ ਮਾਰਦੇ ਹਨ....ਆਓ ਰੱਜ ਕੇ ਸੈਰ ਕਰੋ। ਇਸ ਰੁੱਤ ਵਿਚ ਸੈਰ ਕਰਨ ਨਾਲ ਸਿਹਤ ਬਹੁਤ ਚੰਗੀ ਰਹਿੰਦੀ ਹੈ। ਇਸ ਦਾ ਕਾਰਨ? ਇਸ ਰੁੱਤ ਵਿਚ ਪੌਣ ਸਾਫ਼, ਸਵੱਛ ਤੇ

ਸੁਗੰਧਤ ਹੁੰਦੀ ਹੈ। ਸੁਹਾਣੀ ਰੁੱਤ ਵਿਚ ਪ੍ਰਸੰਨਤਾ ਮਿਲਦੀ ਹੈ। ਜਿਸ ਤਰ੍ਹਾਂ ਪੌਦਿਆਂ ਅੰਦਰ ਨਵਾਂ ਰਸ ਪੈਦਾ ਹੁੰਦਾ ਹੈ ਉਸੇ ਤਰ੍ਹਾਂ ਸਾਡੇ ਸਰੀਰ ਵਿਚ ਵੀ ਲਹੂ ਦਾ ਗੇੜ ਕੁਝ ਤੇਜ਼ ਹੋ ਜਾਂਦਾ ਹੈ। ਉਂਜ ਵੀ ਜਦੋਂ ਖ਼ੁਸ਼ੀ ਪ੍ਰਾਪਤ ਹੁੰਦੀ ਹੈ ਤਾਂ ਸਾਡਾ ਲਹੂ ਵਧਦਾ ਤੇ ਕੁਝ ਤੇਜ਼ ਦੌੜਦਾ ਹੈ। ਇਸ ਲਈ ਇਨ੍ਹਾਂ ਦਿਨਾਂ ਵਿਚ ਫੁੱਲਾਂ ਬੂਟਿਆਂ ਦੀ ਸ਼ੋਭਾ ਵੇਖਣੀ, ਹਰੀ ਹਰੀ ਘਾਹ ਉੱਪਰ ਫਿਰਨਾ, ਤਾਜ਼ੀ ਪੌਣ ਵਿਚ ਲੰਬੇ ਲੰਬੇ ਸਾਹ ਲੈਣਾ, ਖੇਤਾਂ ਵਿਚ ਘੁੰਮਣਾ ਸਿਹਤ ਲਈ ਬਹੁਤਾ ਚੰਗਾ ਸਿੱਧ ਹੁੰਦਾ ਹੈ।

ਬਸੰਤ ਪੰਚਮੀ ਨੇ ਕਈ ਰੂਪ ਦੇਖੇ ਹਨ। ਪਹਿਲਾਂ ਪਹਿਲ ਇਹ ਤਿਉਹਾਰ ਕੇਵਲ ਸ਼ਾਹੀ ਮਹਿਲਾਂ ਤੀਕ ਹੀ ਸੀਮਤ ਸੀ। ਰਾਜੇ ਰਾਣੀਆਂ ਇਸ ਨੂੰ ਸ਼ਿੰਗਾਰ ਦੇ ਤਿਉਹਾਰ ਦੇ ਰੂਪ ਵਿਚ ਮਨਾਉਂਦੇ ਸਨ ਜਾਂ ਫਿਰ ਕੁਝ ਧਾਰਮਿਕ ਸਥਾਨਾਂ ਤੇ ਲੋਕ ਇਕੱਠੇ ਹੋ ਕੇ ਦੇਵਤਿਆਂ ਦੀ ਪੂਜਾ ਕਰਦੇ ਸਨ ਪਰ ਹੁਣ ਇਹ ਤਿਉਹਾਰ ਮਹਿਲ ਮਾੜੀਆਂ ਅਤੇ ਮੰਦਰਾਂ ਵਿਚੋਂ ਨਿਕਲ ਕੇ ਖੇਤਾਂ ਵਿਚ ਆ ਗਿਆ ਹੈ। ਪੰਜਾਬ ਵਿਚ ਇਹ ਤਿਉਹਾਰ ਮੌਸਮ ਅਤੇ ਸੂਰਬੀਰਤਾ ਨਾਲ ਜੁੜਿਆ ਹੋਇਆ ਹੈ। ਇਹ ਪੰਜਾਬੀਆਂ ਦੀ ਚੜ੍ਹਦੀ ਕਲਾ ਨੂੰ ਦਰਸਾਉਂਦਾ ਹੈ।

ਪੰਜਾਬ ਵਿਚ ਪਟਿਆਲਾ ਸ਼ਹਿਰ ਦੀ ਬਸੰਤ-ਪੰਚਮੀ ਬੜੀ ਪ੍ਰਸਿੱਧ ਹੈ। ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਲੋਕ ਦੂਰੋਂ ਦੂਰੋਂ ਇਸ਼ਨਾਨ ਕਰਨ ਲਈ ਪੁੱਜਦੇ ਹਨ। ਗੁਰਦੁਆਰੇ ਦੇ ਬਾਹਰ ਮੇਲਾ ਭਰਦਾ ਹੈ। ਲੋਕਾਂ ਨੇ ਬੜੀਆਂ ਸੁਖਣਾ ਸੁਖੀਆਂ ਹੁੰਦੀਆਂ ਹਨ। ਇਨ੍ਹਾਂ ਸੁਖਾਂ ਦੀ ਪੂਰਤੀ ਲਈ ਹੀ ਉਹ ਇਥੇ ਪੁੱਜ ਕੇ ਪ੍ਰਸ਼ਾਦ ਕਰਾਉਂਦੇ ਤੇ ਬਸੰਤ -ਪੰਚਮੀ ਦੇ ਪੁਰਬ ਤੇ ਹਾਜ਼ਰੀ ਭਰਦੇ ਹਨ।

ਲਾਹੌਰ (ਪਾਕਿਸਤਾਨ) ਤੋਂ ਉੱਜੜ-ਪੁੱਜੜ ਕੇ ਆਏ ਲੋਕਾਂ ਨੇ ਪਟਿਆਲੇ ਵਿਚ ਵੀ ਵੀਰ ਹਕੀਕਤ ਰਾਏ ਦੀ ਯਾਦਗਾਰ ਬਣਾ ਲਈ ਹੈ। ਕਹਿੰਦੇ ਨੇ ਉਨ੍ਹਾਂ ਲੋਕਾਂ ਨੇ ਲਾਹੌਰ ਤੋਂ ਹਕੀਕਤ ਰਾਏ ਦੀ ਸਮਾਧ ਤੋਂ ਕੁਝ ਮਿੱਟੀ ਤੇ ਕੁਝ ਇੱਟਾਂ ਲੈ ਆਂਦੀਆਂ ਸਨ। ਇਸ ਨਾਲ ਹੀ ਉਨ੍ਹਾਂ ਨੇ ਇਥੇ ਸਮਾਧ ਤੇ ਬੁੱਤ ਬਣਾ ਕੇ ਹਕੀਕਤ ਰਾਏ ਦਾ ਦਿਨ ਮਾਨਉਣਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ ਨੇ ਪਟਿਆਲੇ ਦੀ ਬਸੰਤ ਪੰਚਮੀ ਨੂੰ ਹੋਰ ਸ਼ਰਧਾ ਵਾਲਾ ਬਣਾ



ਦਿੱਤਾ ਹੈ।

ਸਾਡੇ ਲੋਕਾਂ ਵਿਚ ਸ਼ਹਿਰੀ ਸੁਭਾਅ ਦੀ ਪਰਵਿਰਤੀ ਵਧਦੀ ਜਾ ਰਹੀ ਹੈ। ਪੇਂਡੂ ਸੁਭਾਅ ਦੇ ਖਾਣੇ ਅਲੋਪ ਜਾ ਰਹੇ ਹਨ। ਸਿਆਲ ਰੁੱਤ ਵਿਚ ਹਰ ਘਰ ਵਿਚ ਪਿੰਨੀਆਂ ਬਣਾਉਣ ਦਾ ਰਿਵਾਜ ਆਮ ਸੀ। ਅਜੇ ਵੀ ਪਿੰਡਾਂ ਵਿਚ ਹਲਦੀ ਅਤੇ ਕੇਸਰ ਨਾਲ ਬਣਾਈ ਤਾਹਰੀ (ਚੌਲਾਂ ਦਾ ਨਮਕੀਨ ਪਲਾਅ) ਲੋਕ ਬੜੇ ਚਾਅ ਨਾਲ ਖਾਂਦੇ ਤੇ ਵੰਡਦੇ ਹਨ। ਇਸਨੂੰ ਬਸੰਤ ਪੰਚਮੀ ਦਾ ਪਵਿੱਤਰ ਸ਼ਗਨ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਇਸ ਦਿਨ ਹੱਥਾਂ ਦੇ ਪੋਟਿਆਂ ਨਾਲ ਵੱਟੀਆਂ ਬਰੀਕ ਬਰੀਕ ਪੀਲੀਆਂ ਸੇਂਵੀਆਂ ਵੀ ਖਾਧੀਆਂ ਜਾਂਦੀਆਂ ਹਨ।

ਬਸੰਤ ਪੰਚਮੀ ਦੇ ਤਿਉਹਾਰ ਸਬੰਧੀ ਅਸੀਂ ਬੜੀਆਂ ਗੱਲਾਂ ਕੀਤੀਆਂ ਹਨ। ਆਓ ਹੁਣ ਬਾਹਰ ਖੇਤਾਂ ਵੱਲ ਨਿਕਲੀਏ। ਪੀਲੇ ਪੀਲੇ ਫੁੱਲ ਸਾਡੀ ਉਡੀਕ ਕਰ ਰਹੇ ਹਨ। ਇਹੋ ਹੀ ਬਸੰਤ ਪੰਚਮੀ ਦਾ ਸੰਦੇਸ਼ ਹੈ। ਗੀਤਾਂ, ਸੁਗੰਦੀਆਂ ਤੇ ਰੰਗ ਬਰੰਗੇ ਫੁੱਲਾਂ ਦੀ ਰੁੱਤ ਵਿਚ ਭਲਾ ਅੰਦਰ ਬਹਿਣ ਦਾ ਕੀ ਕੰਮ। ਖੇਤਾਂ ਵਿਚ ਕੁਦਰਤ ਰਾਣੀ ਹਸੂੰ ਹਸੂੰ ਕਰਕੇ ਵਾਜਾਂ ਮਾਰ ਰਹੀ ਹੈ। ਆਓ ਸਾਰੇ ਰਲ ਮਿਲ ਕੇ ਇਸ ਮਨਮੋਹਕ ਦ੍ਰਿਸ਼ ਦਾ ਰਸ ਮਾਣੀਏ।

**ਜੋਗਿੰਦਰ ਸਿੰਘ ਅਜੈਬ**

**ਆਊਟਲਾਈਨ ਐਡੀਟਰ**

# ਕਾਰਬਨ ਡਾਈਆਕਸਾਈਡ

ਵਾਤਾਵਰਨ ਵਿਚ ਕਾਰਬਨ ਡਾਈਆਕਸਾਈਡ ਦਾ ਪੱਧਰ ਦਿਨੋ-ਦਿਨ ਵੱਧਦਾ ਜਾ ਰਿਹਾ ਹੈ ਜਿਸ ਨਾਲ ਕਿ ਮਨੁੱਖੀ ਜੀਵਨ ਤੇ ਬਹੁਤ ਪ੍ਰਭਾਵ ਪੈ ਰਿਹਾ ਹੈ। ਮਨੁੱਖੀ ਗਤੀਵਿਧੀਆਂ ਤੋਂ ਪੈਦਾ ਹੋਣ ਵਾਲੀ ਕਾਰਬਨ ਡਾਈਆਕਸਾਈਡ ਨਾਲ ਚੌਲ, ਕਣਕ ਤੇ ਹੋਰਨਾਂ ਮੁੱਖ ਅਨਾਜਾਂ ਦੀ ਪੌਸ਼ਟਿਕਤਾ ਵਿਚ ਕਮੀ ਆਉਣ ਦੇ ਕਾਰਨ ਪ੍ਰੋਟੀਨ ਦੀ ਕਮੀ ਹੋਣ ਦਾ ਡਰ ਬਣ ਰਿਹਾ ਹੈ। ਅਗਰ ਇਸੇ ਤਰ੍ਹਾਂ ਹੀ ਚਲਦਾ ਰਿਹਾ ਤਾਂ ਸਾਲ 2050 ਤੱਕ ਭਾਰਤ ਵਿਚ 5 ਕਰੋੜ 30 ਲੱਖ ਲੋਕਾਂ ਵਿਚ ਪ੍ਰੋਟੀਨ ਦੀ ਕਮੀ ਹੋਣ ਦਾ ਖਤਰਾ ਪੈਦਾ ਹੋ ਸਕਦਾ ਹੈ। ਅਮਰੀਕਾ ਦੇ ਹਾਰਵਰਡ ਟੀ.ਐਚ. ਚਾਨ ਸਕੂਲ ਆਫ਼ ਪਬਲਿਕ ਹੈਲਥ ਦੇ ਖੋਜ ਕਰਤਾਵਾਂ ਵੱਲੋਂ ਕੀਤੀ ਖੋਜ ਅਨੁਸਾਰ ਜੇਕਰ ਕਾਰਬਨ ਡਾਈਆਕਸਾਈਡ ਦਾ ਪੱਧਰ ਇਸ ਤਰ੍ਹਾਂ ਵੱਧਦਾ ਰਿਹਾ ਤਾਂ ਸਾਲ 2050 ਤੱਕ 18 ਦੇਸ਼ਾਂ ਦੀ ਆਬਾਦੀ ਦੇ ਭੋਜਨ ਵਿਚ 5% ਤੋਂ ਜ਼ਿਆਦਾ ਪ੍ਰੋਟੀਨ ਦੀ ਕਮੀ ਆ ਸਕਦੀ ਹੈ। ਵਾਤਾਵਰਨ ਵਿਚ ਕਾਰਬਨ ਡਾਈਆਕਸਾਈਡ ਦੇ ਵਧਦੇ ਪੱਧਰ ਕਾਰਨ 15 ਕਰੋੜ ਤੋਂ ਵੱਧ ਲੋਕਾਂ 'ਚ ਪ੍ਰੋਟੀਨ ਦੀ ਕਮੀ ਦਾ ਖਤਰਾ ਪੈਦਾ ਹੋ ਸਕਦਾ ਹੈ। ਹਾਰਵਰਡ ਦੇ ਸੀਨੀਅਰ ਖੋਜਕਰਤਾ ਸੈਮੂਅਲ ਮਾਇਰਸ ਨੇ ਕਿਹਾ ਕਿ ਇਹ ਖੋਜ ਖਤਰੇ ਤੋਂ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ ਨੂੰ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਉਹ ਆਪਣੀ ਆਬਾਦੀ ਦੀ ਆਹਾਰ ਸਮੱਗਰੀ ਦੀ ਪੂਰਤੀ ਦੀ ਨਿਗਰਾਨੀ ਕਰੇ। ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਵਿਸ਼ਵ ਦੀ 76% ਆਬਾਦੀ ਆਪਣੀ ਰੋਜ਼ਾਨਾ ਦੀ ਪ੍ਰੋਟੀਨ ਦੀਆਂ ਜ਼ਰੂਰਤਾਂ ਨੂੰ ਪੌਦਿਆਂ ਤੋਂ ਪੂਰਾ ਕਰਦੀ ਹੈ, ਜਿਨ੍ਹਾਂ ਦੀ ਪੌਸ਼ਟਿਕਤਾ ਵਿਚ ਲਗਾਤਾਰ ਕਮੀ ਨਾ ਆ ਰਹੀ ਹੈ।

**ਇੰਜੀਨੀਅਰ ਪਰਮਿੰਦਰਜੀਤ ਸਿੰਘ,**

**ਕੋ ਐਡੀਟਰ, 99153-57524**

# ਕੁਦਰਤ ਨਾਲ ਛੇੜ ਛਾੜ 'ਮਹਾਂਵਿਨਾਸ਼'



ਜਾਨਵਰਾਂ ਦੀ ਘੱਟਦੀ ਗਿਣਤੀ ਨੂੰ ਵਿਸ਼ਵ ਪੱਧਰੀ ਮਹਾਮਾਰੀ ਸਮਝਿਆ ਜਾ ਰਿਹਾ ਹੈ। ਜੰਗਲਾਂ ਤੇ ਦਰੱਖਤਾਂ ਦੀ ਕਟਾਈ ਵੀ ਇਸ ਦਾ ਮੁੱਖ ਕਾਰਨ ਮੰਨੀ ਜਾ ਰਹੀ ਹੈ। ਪੈਰਿਸ ਦੇ ਵਿਗਿਆਨੀਆਂ ਨੇ ਇਸ ਨੂੰ ਛੇਵੇਂ ਮਹਾਂਵਿਨਾਸ਼ ਦਾ ਹਿੱਸਾ ਦੱਸਦਿਆਂ ਇਸ ਤੇ ਚਿੰਤਾ ਜ਼ਾਹਰ ਕੀਤੀ ਹੈ। ਬੀਤੇ 5 ਮਹਾਂਵਿਨਾਸ਼ ਕੁਦਰਤੀ ਘਟਨਾ ਮੰਨੇ ਜਾਂਦੇ ਰਹੇ ਹਨ ਪ੍ਰੰਤੂ ਵਿਗਿਆਨੀਆਂ ਦੇ ਮੁਤਾਬਿਕ ਇਸ ਮਹਾਂਵਿਨਾਸ਼ ਦਾ ਕਾਰਨ ਵੱਡੀ ਸੰਖਿਆ 'ਚ ਜਾਨਵਰਾਂ ਦੇ ਭੂਗੋਲਿਕ ਖੇਤਰ ਖੁਸ ਜਾਣ ਨੂੰ ਦੱਸਿਆ ਹੈ। ਵਿਗਿਆਨਕਾਂ ਨੇ ਚਿਤਾਵਨੀ ਦਿੱਤੀ ਹੈ ਕਿ ਧਰਤੀ ਛੇਵੇਂ ਮਹਾਂਵਿਨਾਸ਼ ਵੱਲ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਅਮਰੀਕਾ ਦੀ ਨੈਸ਼ਨਲ ਅਕੈਡਮੀ ਆਫ਼ ਸਾਇੰਸਜ਼ ਦੀ ਇਕ ਨਵੀਂ ਖੋਜ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਜ਼ਮੀਨ ਤੇ ਰਹਿਣ ਵਾਲੇ ਸਾਰੇ ਰੀੜ੍ਹਧਾਰੀ ਜੰਤੂ, ਮੱਛੀਆਂ, ਚਿੜੀਆਂ ਸਮੇਤ ਕਈ ਪੰਛੀ, ਥਣਧਾਰੀ ਜੀਵ, ਰੀਂਗਣ ਵਾਲੇ ਤੇ ਜਲੀ ਜੀਵਾਂ ਦੀਆਂ 30% ਪ੍ਰਜਾਤੀਆਂ ਅਲੋਪ ਹੋ ਗਈਆਂ ਹਨ। ਇਹ ਖੋਜ ਦੇ ਸਹਿ-ਲੇਖਕ ਰੋਡਲਫੋ ਡਿਰਜ਼ੋ ਨੇ ਕਿਹਾ ਕਿ ਇਹ ਵਿਸ਼ਵ ਪੱਧਰ ਤੇ ਹੋਣ ਵਾਲਾ ਜੈਵਿਕ ਵਿਨਾਸ਼ ਦਾ ਮਾਮਲਾ ਹੈ। ਦੁਨੀਆਂ ਦੇ ਜ਼ਿਆਦਾਤਰ ਹਿੱਸਿਆਂ ਵਿਚ ਥਣਧਾਰੀ ਜਾਨਵਰ ਭੂਗੋਲਿਕ ਖੇਤਰ ਖੋਹੇ ਜਾਣ ਕਰਕੇ ਆਪਣੀ ਜਨਸੰਖਿਆ ਦਾ 70% ਹਿੱਸਾ ਗਵਾ ਚੁੱਕੇ ਹਨ। ਜਿਨ੍ਹਾਂ ਵਿਚੋਂ 40% ਗੈਂਡੇ, ਵਣਮਾਨਸ (ਔਰੰਗੁਟਾਨ), ਗੁਰੀਲੇ ਅਤੇ ਵੱਡੀਆਂ ਬਿੱਲੀਆਂ ਪ੍ਰਜਾਤੀਆਂ ਦੇ ਜਾਨਵਰ ਕੇਵਲ 20% ਜਾਂ ਇਸ ਤੋਂ ਵੀ ਘੱਟ ਧਰਤੀ ਦੇ ਇਲਾਕੇ ਤੇ ਰਹਿ ਗਏ ਹਨ, ਜਿਥੇ ਉਹ ਕਿਸੇ ਸਮੇਂ ਅਕਸਰ ਘੁਮਿਆ ਕਰਦੇ ਸਨ। ਜੈਵਵਿਭਿੰਨਤਾ ਵਿਚ ਕਮੀ ਹਾਲ ਵਿਚ ਹੀ ਬਹੁਤ ਤੇਜ਼ੀ ਆਈ ਹੈ। ਵਿਗਿਆਨੀਆਂ ਨੇ ਦੱਸਿਆ ਕਿ ਥਣਧਾਰੀ ਜੀਵਾਂ ਦੀਆਂ ਕਈਆਂ ਪ੍ਰਜਾਤੀਆਂ 'ਚ ਸ਼ਾਮਲ ਚੀਤੇ, ਸ਼ੇਰ ਤੇ ਜ਼ਿਰਾਫ਼, ਜੋ ਇਕ ਜਾਂ ਦੋ ਦਹਾਕੇ ਪਹਿਲਾਂ ਸੁਰੱਖਿਅਤ ਸਨ, ਹੁਣ ਖਤਰੇ 'ਚ ਹਨ। ਵਿਗਿਆਨਕਾਂ ਦੇ ਅਨੁਮਾਨ ਅਨੁਸਾਰ ਬੀਤੇ 100 ਸਾਲਾਂ 'ਚ 200 ਤੋਂ ਵੱਧ ਜੀਵਾਂ ਦੀਆਂ ਪ੍ਰਜਾਤੀਆਂ ਅਲੋਪ ਹੋ ਚੁੱਕੀਆਂ ਹਨ।


**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**




## ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।


**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਖੂਹ : ਲੋਕ ਜੀਵਨ ਦਾ ਹਿੱਸਾ

ਆਤਮਾ ਸਿੰਘ
ਗਿੱਲ ਸੁਰਸਿੰਘ



ਪੰਜਾਬੀ ਸਭਿਆਚਾਰ ਪੰਜਾਬੀਆਂ ਦੀਆਂ ਹੁਨਰਮੰਦ ਸੋਚਾਂ, ਉਹਨਾਂ ਦੇ ਕਾਰ-ਵਿਹਾਰ, ਉਹਨਾਂ ਦੇ ਅਚੇਤਨ ਦੀਆਂ ਆਕਾਂਖਿਆਵਾਂ, ਸਮੁੱਚੇ ਪੰਜਾਬੀ ਜੀਵਨ ਨਾਲ ਸੰਬੰਧਿਤ ਵਰਤਾਰਿਆਂ ਦੀ ਅਭਿਵਿਅਕਤੀ ਦੀ ਸਮਰੱਥਾ ਰੱਖਣ ਨਾਲ ਉਗਮਿਆ ਅਤੇ ਵਿਕਸਤ ਹੋਇਆ। ਕੁਦਰਤ ਨੇ ਵੱਖੋ-ਵੱਖਰੇ ਤੱਤਾਂ, ਜਲ ਪੌਣ ਧਰਤੀ ਅਗਨੀ ਆਕਾਸ਼ ਦੀ ਪੂਜਾ ਦੇ ਨਾਲ-ਨਾਲ ਪੰਜਾਬੀਆਂ ਨੂੰ ਚੌਗਿਰਦੇ ਵਿਚ ਵਿਚਰਨ ਦਾ ਮੌਕਾ ਦਿੱਤਾ ਹੈ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੋਣ ਕਰਕੇ, ਖੇਤੀ ਪ੍ਰਧਾਨ ਇਲਾਕਾ ਹੋਣ ਕਰਕੇ, ਇਥੇ ਖੇਤੀ ਕੁਦਰਤ ਦੀਆਂ ਕਰੋਪੀਆਂ ਅਤੇ ਬਕਸ਼ਿਸ਼ਾਂ ਉੱਤੇ ਨਿਰਭਰ ਕਰਦੀ ਹੈ। ਕੁਦਰਤ ਦੀ ਨਿਆਮਤ ਠੀਕ ਵਕਤ ਤੇ ਬਾਰਿਸ਼ ਹੋਣ ਅਤੇ ਕਰੋਪੀ ਬੇ-ਬਹਾਰੀ ਬਾਰਿਸ਼ ਅਤੇ ਦਰਿਆਵਾਂ ਦੇ ਹੜ੍ਹ ਦੇ ਰੂਪ ਵਿਚ ਸਾਹਮਣੇ ਆਉਂਦੀ। ਪੰਜਾਬ ਵਿਚ ਕੁਦਰਤ ਮਿਹਰਬਾਨ ਹੈ ਜਿਥੇ ਉਪਜਾਊ ਮਿੱਟੀ ਹੈ, ਮਿੱਠਾ ਪਾਣੀ ਹੈ ਜੋ ਪੀਣ ਅਤੇ ਸਿੰਚਾਈ ਦੇ ਕੰਮ ਆਉਂਦਾ ਹੈ।

ਜੇਕਰ ਮਨੁੱਖੀ ਜ਼ਿੰਦਗੀ ਦੇ ਵਿਕਾਸ ਉੱਤੇ ਨਜ਼ਰ ਮਾਰੀ ਜਾਵੇ ਤਾਂ ਮਨੁੱਖੀ ਆਬਾਦੀ ਉਥੇ ਉਥੇ ਵਿਕਸਤ ਹੋਈ ਜਿਥੇ ਪਾਣੀ ਦੇ ਸਰੋਤ ਸਨ ਜਾਂ ਜਿਥੇ ਪਾਣੀ ਮਿੱਠਾ ਸੀ, ਮਿੱਟੀ ਵਿਚ ਉਪਜਾਊ ਤੱਤ ਸਨ। ਜੰਗਲਾਂ ਦੇ ਫੁੱਲ ਬੂਟੇ ਸਨ, ਰੰਗ ਸੀ, ਛਾਂ ਸੀ, ਫਲ ਸਨ, ਪੰਛੀ ਸਨ, ਜਾਨਵਰ ਸਨ, ਚੌਗਿਰਦੇ ਦਾ ਹੁਸਨ ਸੀ, ਮੌਸਮ ਦੀਆਂ ਨਿਆਮਤਾਂ ਸਨ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੋਣ ਕਰਕੇ ਖੇਤੀ-ਪ੍ਰਧਾਨ ਦੇਸ਼ ਬਣਿਆ। ਦੇਸ਼ ਦੀ ਆਰਥਿਕਤਾ ਵਿਚ ਪੰਜਾਬ ਨੇ ਰੀੜ ਦੀ ਹੱਡੀ ਵਾਲੀ ਭੂਮਿਕਾ ਨਿਭਾਉਣੀ ਸ਼ੁਰੂ ਕੀਤੀ। ਖੇਤੀਬਾੜੀ ਲਈ ਸਿੰਚਾਈ ਦੇ ਸਾਧਨਾਂ ਦੀ ਜ਼ਰੂਰਤ ਨੂੰ ਪੰਜਾਬੀਆਂ ਨੇ ਕਈ ਤਰੀਕਿਆਂ ਨਾਲ ਪੂਰਿਆਂ ਕੀਤਾ। ਇਹਨਾਂ ਸਭਨਾਂ ਵਿਚੋਂ ਇਕ ਤਰੀਕਾ ਖੂਹਾਂ ਨਾਲ ਸਿੰਚਾਈ ਕਰਨਾ ਸੀ ਜਿਸ ਨੂੰ ਸਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ। ਇਕ ਤਾਂ ਖੂਹ ਸਿੰਚਾਈ ਦੇ ਕੰਮ ਆਉਂਦੇ ਤੇ ਦੂਜਾ ਘਰੇਲੂ ਵਰਤੋਂ ਲਈ ਖੂਹਾਂ ਦੇ ਪਾਣੀ ਦੀ ਵਰਤੋਂ ਕੀਤੀ ਜਾਂਦੀ।

ਸਭਿਆਚਾਰਕ ਸੰਦਰਭ ਵਿਚ ਖੂਹ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

1. **ਆਰਥਿਕ ਪੱਖ**
2. **ਸਮਾਜਕ ਪੱਖ**
3. **ਧਾਰਮਿਕ ਪੱਖ**

1. **ਆਰਥਿਕ ਪੱਖ** : ਸਿੰਚਾਈ ਦਾ ਸਾਧਨ ਹੋਣ ਕਰਕੇ ਖੂਹ ਆਰਥਿਕਤਾ ਦਾ ਧੁਰਾ ਹੁੰਦਾ। ਖੂਹ ਕਿੰਨੇ ਏਕੜ ਖੇਤੀ ਲਈ ਲਾਇਆ ਜਾ ਰਿਹਾ ਹੈ ਅਤੇ ਕਿਹੜੇ-ਕਿਹੜੇ ਇਲਾਕੇ ਵਿਚ ਕਿੰਨੀ ਕਿੰਨੀ ਵਾਰ ਸਿੰਚਾਈ ਕਰਨੀ ਹੋਵੇਗੀ, ਕਿਹੜੀਆਂ ਮੁੱਖ ਫਸਲਾਂ ਹਨ, ਆਦਿ ਦੇ ਸੰਦਰਭ ਵਿਚ ਖੂਹ ਲਗਾਇਆ ਜਾਂਦਾ। ਸਰਮਾਏਦਾਰ ਲੋਕਾਂ ਨੇ ਆਪਣੇ ਵੱਖਰੇ ਖੂਹ ਲਵਾਏ ਹੁੰਦੇ ਪਰ ਹਮਾਤੜ, ਗਰੀਬ ਲੋਕ ਦੋ-ਤਿੰਨ ਚਾਰ ਧਿਰਾਂ ਸਾਂਝ ਭਿਆਲੀ ਨਾਲ ਖੂਹ ਲਾ ਲੈਂਦੇ ਤੇ ਵਾਰੀ ਅਨੁਸਾਰ ਆਪੋ ਆਪਣੀਆਂ ਫਸਲਾਂ ਦੀ ਸਿੰਚਾਈ ਕਰਦੇ ਰਹਿੰਦੇ।

ਖੂਹ ਨੂੰ ਆਰਥਿਕ ਰੁਤਬੇ ਦਾ ਪ੍ਰਤੀਕ ਵੀ ਮੰਨਿਆ ਜਾਂਦਾ। ਖੂਹ ਵਿਚੋਂ ਪਾਣੀ ਕੱਢਣ ਲਈ ਗਾਧੀ ਅੱਗੇ ਬਲਦਾਂ ਨੂੰ ਜੋੜਿਆ ਜਾਂਦਾ। ਇਸ ਲਈ ਤੰਦਰੁਸਤ ਚਲਾਕ, ਪਿੰਡੇ ਤੇ ਮੱਖੀ ਨਾ ਬਹਿਣ ਦੇਣ ਵਾਲੇ ਵਹਿੜਕਿਆਂ ਦੀ ਜ਼ਰੂਰਤ ਹੁੰਦੀ ਤੇ ਇਹ ਵਹਿੜਕੇ ਗਾਂ ਦੇ ਵੱਛਿਆਂ ਤੋਂ ਵੱਡੇ ਹੋ ਕੇ ਬਣਦੇ। ਬਲਦਾਂ ਵਿਚ ਅਜਿਹੇ ਗੁਣਾਂ ਲਈ ਉਹਨਾਂ ਨੂੰ ਖੂਬ ਪੱਠੇ ਪਾਏ ਜਾਂਦੇ, ਵੜੇਵੇਂ ਚਾਰੇ ਜਾਂਦੇ, ਗੁੜ ਅਤੇ ਆਟੇ ਦੇ ਪੇੜੇ ਦਿੱਤੇ ਜਾਂਦੇ ਤੇ ਨਾਲ ਹੀ ਗਾਵਾਂ ਨੂੰ ਵੀ ਪੇੜਾ ਚਾਰਿਆ ਜਾਂਦਾ। ਗਾਵਾਂ ਦੀ ਪੂਜਾ ਕਰਨ ਦੀ ਇਹ ਪਰੰਪਰਾ ਸ਼ਾਇਦ ਉਸੇ ਅਵਸਥਾ ਵਿਚ ਹੀ ਆਰੰਭ ਹੋਵੇਗੀ। ਕਿਉਂਕਿ ਆਰਥਿਕਤਾ ਦਾ ਆਧਾਰ ਪਸ਼ੂ ਸਨ ਤੇ ਪਸ਼ੂਆਂ ਦੀ ਪੂਜਾ, ਉਹਨਾਂ ਦੀ ਸੇਵਾ ਕਰਨ ਦਾ ਸੰਬੰਧ ਉਸੇ ਸੰਦਰਭ ਵਿਚ ਹੀ ਹੋ ਸਕਦਾ ਹੈ। ਖੂਹ ਵਿਚੋਂ ਪਾਣੀ ਖਿੱਚਣ ਦੀ ਸਮਰੱਥਾ ਇੱਥ ਜੋਗ ਦੀ ਲਗਾਤਾਰ ਖੂਹ ਗੇੜਨ ਦੀ ਸਮਰੱਥਾ ਨਾਲ ਨਿਰਧਾਰਤ ਹੁੰਦੀ। ਪੰਜ-ਛੇ ਘੰਟੇ ਲਗਾਤਾਰ ਖੂਹ ਗੇੜ ਕੇ ਕੋਈ ਵੀ ਜੋਗ ਥੱਕ ਜਾਂਦੀ। ਕੁਝ ਇਕ ਖੂਹਾਂ ਵਿਚੋਂ ਊਠਾਂ ਨਾਲ ਪਾਣੀ ਕੱਢਿਆ ਜਾਂਦਾ। ਬਲਦਾਂ ਦੇ ਮੁਕਾਬਲੇ ਖੂਹ ਉੱਤੇ ਇਕ ਹੀ ਊਠ ਬਲਦਾਂ ਜਿੰਨਾ ਕੰਮ ਕਰਦਾ। ਗਰੀਬ, ਹਮਾਤੜ ਵਿਅਕਤੀ, ਜਿਹੜੇ ਬਲਦ ਖਰੀਦਣ ਜੋਗੇ ਨਾ ਹੁੰਦੇ, ਖੂਹ ਦੀ ਗਾਧੀ ਅੱਗੇ ਸੰਢੇ (ਝੋਟੇ) ਜਾਂ ਸੰਢਾਂ ਜੋਅ ਕੇ ਹੀ ਕੰਮ ਸਾਰ ਲੈਂਦੇ। ਬਲਦਾਂ ਦੇ ਮੁਕਾਬਲੇ ਝੋਟੇ ਥੋੜ੍ਹਾ ਸੁਸਤ ਤੁਰਦੇ ਪਰ ਸਿੰਚਾਈ ਦਾ ਕੰਮ ਸਾਰ ਦਿੰਦੇ। ਖਾਂਦੇ-ਪੀਂਦੇ ਘਰਾਂ ਕੋਲ ਇਕ ਤੋਂ ਜ਼ਿਆਦਾ ਜੋਗਾਂ ਹੁੰਦੀਆਂ ਤੇ ਉਹ ਵਾਰੀ ਵਾਰੀ ਇਹਨਾਂ ਨਾਲ ਖੂਹ ਚਲਦਾ ਰੱਖਦੇ।

ਆਰਥਿਕਤਾ ਦੇ ਸੰਦਰਭ ਵਿਚ ਖੂਹ ਦਾਨ ਵਿਚ ਦੇਣਾ ਜਾਂ ਇਨਾਮ ਵਜੋਂ ਦੇਣ ਦੀ ਪ੍ਰਥਾ ਵੀ ਪ੍ਰਚਲਿਤ ਰਹੀ ਹੈ। ਅਕਬਰ ਨੇ ਦਮੋਦਰ ਨੂੰ 'ਹੀਰ' ਲਿਖਣ ਦੇ ਇਨਾਮ ਵਜੋਂ ਖੂਹ ਦਿੱਤਾ ਸੀ।

**2. ਸਮਾਜਕ ਪੱਖ** : ਕਿਸੇ ਸਮਾਜ ਨੂੰ ਪਰਖਣ ਦੀ ਕਸਵੱਟੀ ਉਥੋਂ ਦੇ ਲੋਕਾਂ ਦੇ ਸਮਾਜਕ ਵਰਤਾਰੇ ਤੇ ਸਭਿਆਚਰਕ ਕਦਰਾਂ-ਕੀਮਤਾਂ ਹੁੰਦੀਆਂ ਹਨ। ਕਿਸੇ ਸਮਾਜ, ਸਭਿਆਚਾਰ ਵਿਚਲੇ ਟੈਬੂ, ਟੋਟਮ, ਅਨੁਸ਼ਠਾਨ ਤੇ ਸਮੁੱਚਾ ਕਾਰ-ਵਿਹਾਰ ਉਥੋਂ ਦੇ ਲੋਕਾਂ ਦੇ ਜੀਵਨ ਦੀ ਪੇਸ਼ਕਾਰੀ ਕਰਦੇ ਹਨ। ਲੋਕਾਂ ਦੇ ਸਮਾਜਕ ਵਰਤਾਰਿਆਂ ਦਾ ਉਹਨਾਂ ਦੀਆਂ ਸਮੁੱਚੀਆਂ ਲੋੜਾਂ ਨਾਲ ਜੁੜੇ ਹੋਣਾ, ਲੋੜੀਂਦੇ ਸੰਦਾਂ, ਰਸਮਾਂ ਰੀਤਾਂ ਨੂੰ ਸਮਾਜਕ ਰੁਤਬੇ ਅਨੁਸਾਰ ਢਾਲ ਲੈਣਾ, ਸਮਾਜਕ ਵੱਕਾਰ, ਸਮਾਜਕ ਰੁਤਬਾ, ਸਮਾਜਕ ਬੰਦਿਸ਼ਾਂ, ਸੰਬੰਧਿਤ ਸਮਾਜ ਨਾਲ ਜੁੜੀਆਂ ਹੁੰਦੀਆਂ ਹਨ। ਪਾਣੀ ਦੇ ਸਰੋਤ ਵਜੋਂ ਖੂਹ ਲੋਕਾਂ ਦੇ ਦਿਲਾਂ ਦੀ ਧੜਕਣ, ਲੋਕਾਂ ਦੀ ਰੂਹ, ਲੋਕਾਂ ਦਾ ਦਿਲ ਸੀ। ਖੂਹ ਲੋਕਾਂ ਦੀ ਜ਼ਿੰਦਗੀ ਦਾ ਕੇਂਦਰੀ ਬਿੰਦੂ ਸੀ ਜਿਸ ਦੇ ਚਾਰ-ਚੁਫੇਰੇ ਸਮਾਜਕ ਜ਼ਿੰਦਗੀ ਧੜਕਦੀ ਰਹਿੰਦੀ।

ਪੰਜਾਬ ਵਿਚ ਖੂਹ ਸਮਾਜਕ ਰੁਤਬੇ ਦਾ ਪ੍ਰਤੀਕ ਸੀ। ਖਾਂਦੇ ਪੀਂਦੇ ਸਰਮਾਏਦਾਰ ਘਰਾਂ ਦੇ ਆਪਣੇ ਖੂਹ ਹੁੰਦੇ ਤੇ ਖੂਹਾਂ ਦੇ ਨਾਮ ਵੀ ਸਮਾਜਕ ਰੁਤਬੇ ਅਨੁਸਾਰ ਆਪਣੇ ਆਪ ਪੈ ਜਾਂਦੇ ਜਿਵੇਂ-ਸਰਦਾਰਾਂ ਦਾ ਖੂਹ, ਬਾਬਿਆਂ ਦਾ ਖੂਹ, ਤੂਤਾਂ ਵਾਲਾ ਖੂਹ, ਨਿਆਈਂ ਵਾਲਾ ਖੂਹ, ਚੌਧਰੀਆਂ ਦਾ ਖੂਹ, ਸਮਾਧ ਵਾਲਾ ਖੂਹ, ਘਰ ਵਾਲਾ ਖੂਹ, ਊਠਾਂ ਵਾਲਾ ਖੂਹ, ਰਸਾਲਦਾਰਾਂ ਦਾ ਖੂਹ, ਢੱਠਾ ਖੂਹ, ਮਿੱਠਾ ਖੂਹ, ਖਾਰਾ ਖੂਹ ਆਦਿ।

ਖੂਹ ਜਾਤ ਪਾਤ ਦਾ ਵੱਕਾਰ ਸੀ। ਹਰ ਜਾਤ ਲਈ, ਜਿਸ ਦੇ ਨਾਲ ਭਿੱਟ ਦਾ ਸੰਕਲਪ ਜੁੜਦਾ, ਲਈ ਵੱਖਰੇ ਖੂਹ ਜਾਂ ਪੀਣ ਵਾਲੇ ਪਾਣੀ ਦਾ ਪ੍ਰਬੰਧ ਹੁੰਦਾ। ਜਾਤ-ਪਾਤ ਦੇ ਹਿਸਾਬ ਨਾਲ, ਇਲਾਕੇ ਦੀ ਸਥਿਤੀ, ਜਨਸੰਖਿਆ ਦੇ ਹਿਸਾਬ ਨਾਲ ਖੂਹ ਲਗਾਏ ਜਾਂਦੇ। ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਜੱਟਾਂ, ਬ੍ਰਾਹਮਣਾਂ, ਹਰੀਜਨਾਂ ਤੇ ਹੋਰ ਨੀਵੀਆਂ ਜਾਤਾਂ ਲਈ ਵੱਖਰੇ-ਵੱਖਰੇ ਖੂਹ ਹੁੰਦੇ। ਕੋਈ ਵੀ ਇਕ ਦੂਸਰੇ ਦੇ ਖੂਹ ਉਤੋਂ ਪਾਣੀ ਨਾ ਭਰਦਾ ਇਥੋਂ ਤਕ ਕਿ ਉੱਚ ਜਾਤੀ ਵਾਲੇ ਖੂਹਾਂ ਉੱਤੇ ਨੀਵੀਂ ਜਾਤ ਲਈ ਪਾਣੀ ਭਰਨਾ ਤਾਂ ਦੂਰ ਦੀ ਗੱਲ, ਖੂਹ ਉੱਤੇ ਚੜ੍ਹਨਾ ਵੀ ਪਾਪ ਸਮਝਿਆ ਜਾਂਦਾ। ਨੀਵੀਂ ਜਾਤ ਦੇ ਵਿਅਕਤੀ ਦਾ ਖੂਹ ਦੀ ਮਣ, ਭੌਣੀ ਜਾਂ ਕਿਸੇ ਹੋਰ ਚੀਜ਼ ਨੂੰ ਹੱਥ ਲਾਉਣਾ ਵੀ ਛੂਤ ਸੀ। ਉਹਨਾਂ ਦੇ ਹੱਥ ਲਾਇਆਂ ਖੂਹ ਭਿੱਟਿਆ ਜਾਂਦਾ ਤੇ ਫਿਰ ਬ੍ਰਾਹਮਣ ਦੇ ਮੰਤਰ ਪੜ੍ਹਨ ਨਾਲ ਖੂਹ ਸੁੱਚਾ ਕੀਤਾ ਜਾਂਦਾ। ਕੁਝ ਇਕ ਖੂਹਾਂ ਉੱਤੇ ਵੱਖ-ਵੱਖ ਧਰਮਾਂ, ਜਾਤਾਂ ਦੇ ਪਾਣੀ ਕੱਢਣ ਲਈ ਵੱਖ-ਵੱਖ ਭੌਣੀਆਂ ਹੁੰਦੀਆਂ। ਇਕ ਭੌਣੀ ਤੋਂ ਮਹਿਰੇ ਪਾਣੀ ਭਰਦੇ ਸਨ, ਇਕ ਤੋਂ ਜੱਟ, ਇਕ ਤੋਂ ਮੁਸਲਮਾਨ ਤੇ ਇਕ ਤੋਂ ਹਿੰਦੂ।

ਖੂਹਾਂ ਦੀ ਜ਼ਿੰਦਗੀ ਨਾਲ ਪੈਂਚਾਂ ਦਾ, ਝਿਊਰਾਂ ਦਾ, ਮਹਿਰਿਆਂ ਦਾ ਕਿੱਤਾ ਵੀ ਜੁੜਿਆ ਹੁੰਦਾ। ਖਾਂਦੇ ਪੀਂਦੇ ਘਰਾਂ ਦੀਆਂ ਔਰਤਾਂ ਖੂਹ ਉੱਤੇ ਪਾਣੀ ਭਰਨ ਨਾ ਆਉਂਦੀਆਂ ਸਗੋਂ ਉਹਨਾਂ ਘਰਾਂ ਵਿਚ ਪਾਣੀ ਭਰਨ ਦਾ ਕੰਮ ਪੈਂਚ ਕਰਦੇ। ਲੋੜ ਅਨੁਸਾਰ ਸਾਰੇ ਘਰਾਂ ਵਿਚ ਪਾਣੀ ਪਹੁੰਚਾ ਦਿੱਤਾ ਜਾਂਦਾ। ਪੈਂਚ ਵਹਿੰਗੀ ਉੱਤੇ ਘੜੇ ਰੱਖ ਕੇ ਤੇ ਪੈਂਚਣੀਆਂ ਇਕ ਘੜਾ ਸਿਰ ਉੱਤੇ ਟਿਕਾ ਕੇ ਤੇ ਇਕ ਘੜਾ ਢਾਕੇ ਲਾ ਕੇ ਘਰਾਂ ਵਿਚ ਪਾਣੀ ਭਰਦੀਆਂ।

ਜਿਹੜਾ ਖੂਹ ਮੰਦਰ ਜਾਂ ਗੁਰਦੁਆਰੇ ਦੇ ਵਿਚ ਬਣਿਆ ਹੁੰਦਾ ਉਥੇ ਸਵੇਰੇ ਇਸ਼ਨਾਨ ਕਰਕੇ ਧਾਰਮਿਕ ਥਾਂ ’ਤੇ ਮੱਥਾ ਟੇਕਿਆ ਜਾਂਦਾ। ਅਜਿਹੇ ਖੂਹਾਂ ਉੱਤੇ ਔਰਤਾਂ ਅਤੇ ਮਰਦਾਂ ਦੇ ਨਹਾਉਣ ਲਈ ਵੱਖੋ ਵੱਖਰਾ ਪ੍ਰਬੰਧ ਹੁੰਦਾ। ਗੁਸਲਖਾਨੇ ਬਣੇ ਹੁੰਦੇ, ਟੂਟੀਆਂ ਲੱਗੀਆਂ ਹੁੰਦੀਆਂ। ਸਵੇਰੇ ਉੱਠ ਕੇ ਸੇਵਾ ਭਾਵ ਅਧੀਨ ਪਾਣੀ ਦੀ ਵੱਡੀ ਸਾਰੀ ਟੰਕੀ (ਹੌਦੀ) ਨੂੰ ਭਰ ਦਿੱਤਾ ਜਾਂਦਾ। ਖੂਹ ਦੇ ਪਾਣੀ ਨਾਲ ਗੁਰਦੁਆਰੇ ਮੰਦਰ ਦੇ ਦਰਬਾਰ ਦਾ ਇਸ਼ਨਾਨ ਕਰਵਾਇਆ ਜਾਂਦਾ ਤੇ ਫਿਰ ਪਾਠ ਪੂਜਾ ਸ਼ੁਰੂ ਹੋ ਜਾਂਦੀ।

**ਖੂਹ ਨਾਲ ਸੰਬੰਧਿਤ ਖੇਡਾਂ**

ਖੂਹ ਜਿਥੇ ਸਮਾਜਕ ਵਰਤੋਂ ਵਿਹਾਰ, ਗੀਤਾਂ ਰਿਵਾਜਾਂ ਦਾ ਮਹੱਤਵਪੂਰਨ ਸਾਧਨ ਰਿਹਾ ਹੈ ਉਥੇ ਖੂਹ ਮਨੋਰੰਜਨ ਦਾ ਵੀ ਅਤਿ ਮਹੱਤਵਪੂਰਨ ਸਾਧਨ ਰਿਹਾ ਹੈ। ਖੂਹ ਦੀ ਵਰਤੋਂ ਲੋਕ-ਖੇਡਾਂ ਲਈ ਵੀ ਕੀਤੀ ਜਾਂਦੀ ਹੈ। ਖੂਹ ਨਾਲ ਸੰਬੰਧਿਤ ਲੋਕ-ਖੇਡਾਂ ਬਹੁਤ ਸਾਰੀਆਂ ਕਿਸਮਾਂ ਦੀਆਂ ਸਨ—

**1. ਖੂਹ ਟੱਪਣਾ** - ਇਹ ਲੋਕ ਖੇਡ ਵੱਡੇ ਤੋਂ ਵੱਡੇ ਚੌੜੇ ਘੇਰੇ ਵਾਲੇ ਖੂਹ ਨੂੰ ਛਾਲ ਮਾਰ ਕੇ ਟੱਪਣ ਦੀ ਸੀ। ਇਸ ਲਈ ਵੱਡੇ ਖੂਹ ਨੂੰ ਦੋਹਾਂ ਪਾਸਿਆਂ ਤੋਂ ਚਾਰ-ਚਾਰ ਫੁੱਟ ਆਰਜ਼ੀ ਛਤ ਲਿਆ ਜਾਂਦਾ ਤਾਂ ਕਿ ਛਾਲ ਮਾਰਨ ਵਾਲਾ ਵਿਅਕਤੀ ਖੂਹ ਵਿਚ ਨਾ ਡਿੱਗ ਪਵੇ। ਉਸ ਤੋਂ ਪਿਛੋਂ ਸ਼ਰਤ ਲਗਾ ਕੇ ਕੋਈ ਵਿਅਕਤੀ ਛਾਲ ਮਾਰਦਾ ਤੇ ਖੂਹ ਟੱਪ ਜਾਂਦਾ। ਜੇਕਰ ਟੱਪ ਜਾਂਦਾ ਤਾਂ ਸ਼ਰਤ ਜਿੱਤ ਜਾਂਦਾ, ਨਾ ਟੱਪਿਆ ਜਾਂਦਾ ਤਾਂ ਸ਼ਰਤ ਹਾਰ ਜਾਂਦਾ ਤੇ ਹਾਰ ਦਾ ਹਰਜਾਨਾ ਉਸ ਨੂੰ ਕੋਲੋਂ ਭਰਨਾ ਪੈਂਦਾ। ਖੂਹ ਟੱਪਣ ਵਾਲਾ ਜਵਾਨ ਕਈ ਦਿਨ ਲੋਕਾਂ ਦੀ ਚੁੰਝ ਚਰਚਾ ਦਾ ਹਿੱਸਾ ਬਣਿਆ ਰਹਿੰਦਾ।

**2. ਬਲਦਾਂ ਦੀਆਂ ਦੌੜਾਂ** - ਇਸ ਕਿਸਮ ਦੀ ਖੇਡ ਵਿਚ ਬਲਦਾਂ ਨੂੰ ਗਾਧੀ ਨਾਲ ਜੋਅ ਕੇ ਖੂਬ ਭਜਾਇਆ ਜਾਂਦਾ। ਇਸ ਖੇਡ ਵਿਚੋਂ ਜਿੱਤਣ ਦੇ ਦੋ ਪੈਮਾਨੇ ਹੁੰਦੇ। ਇਕ ਤਾਂ ਇਹ ਕਿ ਕਿਹੜੀ ਜੋਗ ਘੱਟ ਸਮੇਂ ਵਿਚ ਜਾਂ ਮਿਥੇ ਸਮੇਂ ਵਿਚ ਵੱਧ ਚੱਕਰ ਲਾਉਂਦੀ ਹੈ। ਦੂਜਾ ਇਹ ਕਿ ਕਿਹੜੀ ਜੋਗ ਮਿਥੇ ਸਮੇਂ ਵਿਚ ਵੱਧ ਪਾਣੀ ਕੱਢਦੀ ਹੈ। ਆਮ ਤੌਰ ’ਤੇ ਇਸ ਖੇਡ ਵਿਚ ਪਹਿਲਾ ਪੈਮਾਨਾ ਜ਼ਿਆਦਾ ਨਿਸ਼ਚਿਤ ਕੀਤਾ ਜਾਂਦਾ। ਬਲਦਾਂ ਦੀ ਖੂਬ ਖਾਤਰਦਾਰੀ ਕਰਕੇ ਖੂਹ ਅੱਗੇ ਜੋਅ ਦਿੱਤੇ ਜਾਂਦੇ ਤੇ ਮਾਲਕ ਦੀ ਆਵਾਜ਼ ਨਾਲ ਬਲਦ ਹਵਾ ਨਾਲ ਗੱਲਾਂ ਕਰਨ ਲੱਗਦੇ ਤੇ ਜਦੋਂ ਕੋਈ ਜੋਗ ਜਿੱਤ ਜਾਂਦੀ ਤਾਂ ਲੋਕਾਂ ਵਿਚ ਉਸ ਜੋਗ ਦੇ ਮਾਲਕ, ਕਿ ਫਲਾਣਾ ਸਿਹੁੰ ਨੇ ਬੜੇ ਪਸ਼ੂ ਸਾਂਭੇ ਨੇ, ਡੱਬ ਖੜੱਬੇ, ਕਾਗਤੀ, ਸਾਵੇ, ਗੋਰੇ, ਲਾਖੇ ਬਲਦਾਂ ਬਾਰੇ ਚੁੰਝ ਚਰਚਾ ਛਿੜ ਪੈਂਦੀ।

**ਬੋੜਾ ਖੂਹ** - ਇਹ ਖੇਡ ਤਾਂ ਖੂਹ ਨਾਲ ਸੰਬੰਧਿਤ ਨਹੀਂ ਪਰ ਇਸ ਦਾ ਨਾਮ ਖੂਹ ਨਾਲ ਸੰਬੰਧ ਰੱਖਦਾ ਹੈ। ਇਹ ਖੇਡ ਵਧੇਰੇ ਕਰਕੇ ਗਰਮੀ ਦੀ ਰੁੱਤ ਵਿਚ ਖੇਡੀ ਜਾਂਦੀ ਹੈ। ਬੋੜਾ ਖੂਹ ਬੈਠ ਕੇ ਖੇਡਣ ਵਾਲੀ ਖੇਡ ਹੈ। ਇਸ ਖੇਡ ਵਿਚ ਉਮਰ ਦੀ ਕੋਈ ਹੱਦ ਨਿਸ਼ਚਿਤ ਨਹੀਂ। ਬੱਚੇ, ਗੱਭਰੂ ਤੇ ਬੁੱਢੇ ਸਭ ਖੇਡਦੇ ਹਨ। ਕੁੜੀਆਂ ਵੀ ਖੇਡਦੀਆਂ ਹਨ ਪਰ ਆਮ ਤੌਰ ’ਤੇ ਪਸ਼ੂ ਚਾਰਦੇ ਮੁੰਡੇ ਤੇ ਬੁੱਢੇ ਇਸ ਨੂੰ ਖੇਡਦੇ ਹਨ। ਇਸ ਖੇਡ ਵਿਚ ਦੋ ਜਣੇ ਖੇਡਦੇ ਹਨ। ਇਕ ਜਣਾ ਆਪਣੀਆਂ ਬੀਹਟੀਆਂ ਇਕ ਅਤੇ ਦੋ ਵਾਲੀ ਥਾਵਾਂ ’ਤੇ ਰੱਖਦਾ ਹੈ। ਦੂਜਾ ਜਣਾ ਆਪਣੇ ਰੋੜ ਤਿੰਨ ਤੇ ਚਾਰ ਵਾਲੀ ਥਾਂ ’ਤੇ ਰੱਖਦਾ ਹੈ। ਵਿਚਕਾਰਲਾ ਖਾਨਾ ਖਾਲੀ ਪਿਆ ਰਹਿੰਦਾ ਹੈ। ਉਹ ਆਪੋ ਆਪਣੀਆਂ ਬੀਹਟੀਆਂ ਇਸ ਤਰ੍ਹਾਂ ਚਲਦੇ ਹਨ ਕਿ ਲਕੀਰ ਦੇ ਉੱਤੋਂ ਉੱਤੋਂ ਦੀ ਜਾਣਾ ਹੈ। ਇਹ ਕਾਫੀ ਦੇਰ ਤਕ ਖੇਡਦੇ ਰਹਿੰਦੇ ਹਨ ਤੇ ਇਕ ਦੂਜੇ ਦੇ ਚਾਲਾ ਬੰਦ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਦੋਂ ਕਿਸੇ ਦੀ ਬੀਹਟੀ ਦਾ ਚਾਲਾ ਬੰਦ ਹੋ ਜਾਵੇ ਅਤੇ ਲਕੀਰ ਉਤੇ ਕੋਈ ਵੀ ਖਾਨਾ ਖਾਲੀ ਨਾ ਹੋਵੇ ਤਾਂ ਉਸ ਸਿਰ ਬਾਜ਼ੀ ਹੋਈ ਸਮਝੀ ਜਾਂਦੀ ਹੈ।

# ਬੱਚਿਆਂ ਦਾ ਸੁਨਹਿਰੀ ਭਵਿੱਖ

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਸੀਨੀਅਰ ਮੀਤ ਪ੍ਰਧਾਨ
98144-74535



ਤਬਦੀਲੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਜ਼ਿੰਦਗੀ ਵਿਚ ਕਈ ਪੜਾਵ ਆਉਂਦੇ ਹਨ ਪਰ ਸਕੂਲੀ ਵਿੱਦਿਆ ਗ੍ਰਹਿਣ ਕਰਨ ਦਾ ਪੜਾਅ ਬੜਾ ਯਾਦਗਾਰੀ ਅਤੇ ਪ੍ਰੇਰਨਾਦਾਇਕ ਹੁੰਦਾ ਹੈ। ਪ੍ਰੀਖਿਆਵਾਂ ਦੇ ਮੌਸਮ ਤੋਂ ਬਾਅਦ ਮੌਸਮ ਆਉਂਦਾ ਹੈ ਨਤੀਜਿਆਂ ਦਾ। ਕੁਝ ਬੱਚੇ ਤਾਂ ਇਨ੍ਹਾਂ ਨਤੀਜਿਆਂ ਤੋਂ ਬਾਅਦ ਆਪਣੀ ਸਫਲਤਾ ਦੇਖ ਕੇ ਬਹੁਤ ਖੁਸ਼ ਹੁੰਦੇ ਹਨ ਅਤੇ ਕੁਝ ਬੀਤੇ ਸਮੇਂ ਨੂੰ ਅਜਾਈਂ ਗਵਾ ਕੇ ਪਛਤਾਉਂਦੇ ਹਨ ਪਰ ਬੀਤਿਆ ਸਮਾਂ ਪਰਤ ਕੇ ਨਹੀਂ ਆਉਂਦਾ। ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ ਆਉਣ ਤੋਂ ਬਾਅਦ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰਦੇ ਹਨ ਅਤੇ ਬਹੁਤ ਖੁਸ਼ ਹੁੰਦੇ ਹਨ।

ਮੈਟ੍ਰਿਕ ਤੋਂ ਬਾਅਦ ਵਿਸ਼ਿਆਂ ਦੀ ਚੋਣ ਸਮੇਂ ਵੀ ਕਈ ਵਾਰ ਬੱਚਿਆਂ ਦੀਆਂ ਰੁਚੀਆਂ ਵੱਲ ਮਾਪੇ ਧਿਆਨ ਨਹੀਂ ਦਿੰਦੇ। ਦੇਖੋ-ਦੇਖੀ ਜ਼ਬਰਦਸਤੀ ਬੱਚਿਆਂ ਨੂੰ ਆਪਣੀ ਮਰਜ਼ੀ ਦੇ ਵਿਸ਼ੇ ਲੈ ਦਿੰਦੇ ਹਨ। ਸਿੱਟੇ ਵਜੋਂ ਬੱਚਿਆਂ ਦੀ ਪੜ੍ਹਾਈ ਪ੍ਰਤੀ ਰੁਚੀ ਅਤੇ ਅਵੇਸਲਾਪਣ ਵਧਣ ਨਾਲ ਨਤੀਜੇ ਵੀ ਆਸ ਮੁਤਾਬਿਕ ਨਹੀਂ ਹੁੰਦੇ। ਇਹ ਠੀਕ ਹੈ ਕਿ ਬੱਚੇ ਦਾ ਨਤੀਜਾ ਆਸ ਮੁਤਾਬਿਕ ਨਾ ਆਉਣ 'ਤੇ ਉਸ ਨੂੰ ਸਮਝਾਉਣਾ ਅਤੇ ਭਵਿੱਖ ਪ੍ਰਤੀ ਚੇਤੰਨ ਕਰਨਾ ਹਰ ਮਾਂ-ਬਾਪ ਦਾ ਫਰਜ਼ ਹੈ ਪਰ ਬੱਚੇ ਨੂੰ ਧਮਕਾਉਣਾ, ਮਾਰਕੁੱਟ ਕਰਨਾ ਬੱਚੇ ਦੀ ਸ਼ਖ਼ਸੀਅਤ ਉਸਾਰੀ ਵਿਚ ਵੱਡੀ ਰੁਕਾਵਟ ਬਣਦਾ ਹੈ। ਬੱਚਿਆਂ ਦੀ ਇਸ ਦੁਬਿਧਾਜਨਕ ਮਾਨਸਿਕ ਸਥਿਤੀ ਨੂੰ ਹਲਕਾ ਕਰਨ ਲਈ ਮਾਪਿਆਂ ਤੋਂ ਵੱਡਾ ਮਦਦਗਾਰ ਹੋਰ ਕੋਈ ਨਹੀਂ ਹੋ ਸਕਦਾ।

ਕਈ ਮਾਂ-ਬਾਪ ਤਾਂ ਬੱਚਿਆਂ ਦੀ ਪੜ੍ਹਾਈ ਤੇ ਚਰਿੱਤਰ ਨਿਰਮਾਣ ਦੀ ਸਾਰੀ ਜ਼ਿੰਮੇਵਾਰੀ ਵਿਦਿਅਕ ਅਦਾਰਿਆਂ ਉਪਰ ਸੁੱਟ ਕੇ ਆਪ ਬੇਫ਼ਿਕਰ ਹੋ ਜਾਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤੇ ਮਾਪਿਆਂ ਦੀ ਆਪਣੇ ਬੱਚਿਆਂ ਦੀ ਪੜ੍ਹਾਈ, ਚਰਿੱਤਰ ਨਿਰਮਾਣ ਤੇ ਭਵਿੱਖ ਦੀ ਦਿਸ਼ਾ ਉਪਰ ਪੂਰੀ ਪਕੜ ਹੁੰਦੀ ਹੈ, ਫਿਰ ਵੀ ਇਹ ਵੇਖਣ ਵਿੱਚ ਅਕਸਰ ਆ ਰਿਹਾ ਹੈ ਕਿ ਅਜਿਹੇ ਮਾਪਿਆਂ ਦੀ ਵੀ ਕਮੀ ਨਹੀਂ ਜਿਹੜੇ ਕਦੇ ਸਕੂਲ ਜਾਂ ਕਾਲਜ ਵਿੱਚ ਇਹ ਪਤਾ ਨਹੀਂ ਕਰਨ ਜਾਂਦੇ ਕਿ ਉਨ੍ਹਾਂ ਦੇ ਬੱਚੇ ਪੜ੍ਹਾਈ ਵਿੱਚ ਕਿਵੇਂ ਚੱਲ ਰਹੇ ਹਨ ਜਾਂ ਕਿਤੇ ਉਹ ਬੁਰੀ ਸੰਗਤ ਵਿੱਚ ਪੈ ਕੇ ਪੜ੍ਹਾਈ ਕਰਨ ਦੀ ਬਜਾਇ ਇੱਧਰ-ਉੱਧਰ ਘੁੰਮ ਕੇ ਹੀ ਘਰ ਪਰਤ ਤਾਂ ਨਹੀਂ ਆਉਂਦੇ। ਕਿਤੇ ਅਜਿਹਾ ਨਾ ਹੋ ਜਾਵੇ ਕਿ ਮਾਪਿਆਂ ਦੀ ਲਾਪ੍ਰਵਾਹੀ ਕਾਰਨ ਉਨ੍ਹਾਂ ਦਾ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਰਹਿ ਜਾਵੇ ਜਾਂ ਉਹ ਬੁਰੀ ਸੰਗਤ ਦਾ ਸ਼ਿਕਾਰ ਹੋ ਕਿ ਪੜ੍ਹਾਈ ਤੋਂ ਪਾਸਾ ਵੱਟ ਜਾਵੇ। ਪੜ੍ਹਾਈ ਵਿੱਚ ਸਿਰੇ ਨਾ ਲੱਗ ਸਕਣ ਵਾਲੇ ਬੱਚੇ, ਆਪਣਾ ਹੀ ਨਹੀਂ, ਮਾਪਿਆਂ ਦਾ ਭਵਿੱਖ ਵੀ ਖਰਾਬ ਕਰ ਦਿੰਦੇ ਹਨ। ਮਾਪਿਆਂ ਦੀ ਉਨ੍ਹਾਂ ਪ੍ਰਤੀ ਫ਼ਿਕਰਮੰਦੀ ਵੱਧ ਜਾਂਦੀ ਹੈ। ਫਿਰ ਕੁਵੇਲੇ ਦੀਆਂ ਟੱਕਰਾਂ ਹੀ ਪੱਲੇ ਰਹਿ ਜਾਂਦੀਆਂ ਹਨ।

ਬੱਚੇ ਜਿਵੇਂ ਹੀ ਸਕੂਲ ਦੀਆਂ ਵੱਡੀਆਂ ਜਮਾਤਾਂ ਭਾਵ ਗਿਆਰਵੀਂ ਬਾਰਵੀਂ ਵਿੱਚ ਪਹੁੰਚਦੇ ਹਨ, ਉਨ੍ਹਾਂ ਉਪਰ ਸਮੇਂ ਦੇ ਬਾਹਰੀ ਰੁਝਾਨਾਂ ਦੇ ਪ੍ਰਭਾਵ ਵੀ ਪੈਣੇ ਸ਼ੁਰੂ ਹੋ ਜਾਂਦੇ ਹਨ ਜਿਵੇਂ ਘੁੰਮਣਾ-ਫਿਰਨਾ, ਮੋਬਾਇਲ ਫੋਨ, ਇੰਟਰਨੈੱਟ ਜਾਂ ਮੋਟਰਸਾਈਕਲ ਆਦਿ ਦੀ ਲੋੜ ਮਹਿਸੂਸ ਹੁੰਦੀ ਹੈ। ਪੜ੍ਹਾਈ ਲਈ ਸਮਾਂ ਘਟਣਾ ਸ਼ੁਰੂ ਹੋ ਜਾਂਦਾ ਹੈ। ਇਹ ਸਮਾਂ ਮਾਪਿਆਂ ਲਈ ਆਪਣੇ ਬੱਚਿਆਂ ਪ੍ਰਤੀ ਚੌਕਸ ਰਹਿਣ ਦਾ ਹੁੰਦਾ ਹੈ ਕਿਉਂਕਿ ਇਸ ਉਮਰ ਵਿਚ ਬੱਚਿਆਂ ਦਾ ਬੋਧਿਕ ਵਿਕਾਸ ਤੇਜ਼ੀ ਨਾਲ ਆਰੰਭ ਹੋਣਾ ਹੁੰਦਾ ਹੈ। ਜੇ ਮਾਪੇ ਅਜਿਹੇ ਸਮੇਂ ਆਪਣੇ ਬੱਚੇ ਦੀ ਦਿਸ਼ਾ ਸਹੀ ਪਾਸੇ ਕਾਇਮ ਰੱਖਣ ਵਿੱਚ ਕਾਮਯਾਬ ਹੋ ਜਾਣ ਤਾਂ ਅਗਲੇਰੀ ਪੜ੍ਹਾਈ ਦੌਰਾਨ ਉਨ੍ਹਾਂ ਦੀ ਫਿਕਰ ਘਟ ਜਾਂਦੀ ਹੈ।

ਬੱਚਿਆਂ ਵਿੱਚ ਸ਼ੁਰੂ ਤੋਂ ਹੀ ਪੜ੍ਹਾਈ ਦੀ ਰੁਚੀ ਬਣਾਈ ਰੱਖਣਾ ਮਾਪਿਆਂ ਦੀ ਪਹਿਲੀ ਜ਼ਿੰਮੇਵਾਰੀ ਬਣ ਜਾਂਦੀ ਹੈ। ਵਿਦਿਅਕ ਜਾਗਰੂਕਤਾ ਵੱਧਣ ਕਾਰਨ ਹੁਣ ਬਹੁਤੇ ਮਾਪੇ ਇਸ ਅਹਿਮੀਅਤ ਨੂੰ ਪਛਾਣਦੇ ਤੇ ਆਪਣਾ ਫ਼ਰਜ਼ ਨਿਭਾ ਰਹੇ ਹਨ।

ਵਿਦਿਅਕ ਅਦਾਰਿਆਂ ਦੀ ਆਪਣੀ ਜ਼ਿੰਮੇਵਾਰੀ ਹੁੰਦੀ ਹੈ ਤੇ ਉਹ ਕਿਸੇ ਹੱਦ ਤੱਕ ਨਿਭਾਉਂਦੇ ਵੀ ਹਨ। ਇਸ ਤਰ੍ਹਾਂ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਗੰਭੀਰ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਸਮੇਂ-ਸਮੇਂ ਬੱਚਿਆਂ ਦੇ ਸਕੂਲ ਜਾਂ ਕਾਲਜ ਵਿਚ ਜਾ ਕੇ ਆਪਣੇ ਬੱਚਿਆਂ ਦੀ ਪੜ੍ਹਾਈ ਜਾਂ ਸਕੂਲ ਵਿਚ ਉਨ੍ਹਾਂ ਦੀ ਹਾਜ਼ਰੀ ਦਾ ਪਤਾ ਲੈਂਦੇ ਰਹਿਣਾ ਚਾਹੀਦਾ ਹੈ।

ਸੋ ਥੋੜ੍ਹਾ ਜਿਹਾ ਧਿਆਨ ਦੇਣ ਨਾਲ ਬੱਚਿਆਂ ਦੇ ਭਵਿੱਖ ਨੂੰ ਸੁਨਹਿਰੀ ਬਣਾਇਆ ਜਾ ਸਕਦਾ ਹੈ। ਉਸਾਰੂ ਰੁਚੀਆਂ ਦੀ ਪੂਰਤੀ ਲਈ ਸਹਿਯੋਗੀ ਬਣਨ ਦੀ ਲੋੜ ਹੈ ਤਾਂ ਜੋ ਬੱਚੇ ਉਤਸ਼ਾਹਿਤ ਹੋ ਕੇ ਆਪਣੇ ਰੌਸ਼ਨ ਭਵਿੱਖ ਦੇ ਨਿਰਮਾਣ ਵਿੱਚ ਜੁੱਟੇ ਰਹਿਣ ਅਤੇ ਆਪਣੇ ਵਿੱਦਿਅਕ ਅਦਾਰੇ, ਮਾਪਿਆਂ ਅਤੇ ਸਭ ਤੋਂ ਉੱਪਰ ਆਪਣਾ ਭਵਿੱਖ ਚੰਗਾ ਬਣਾ ਸਕਣ।

# ਸ਼ੋਕ ਸਮਾਚਾਰ




ਲੁਬਾਣਾ ਭਾਈਚਾਰਾ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30-ਏ, ਚੰਡੀਗੜ੍ਹ ਲਈ ਬੜੀ ਦੁਖਦਾਈ ਖ਼ਬਰ ਹੈ ਕਿ ਸ. ਪਰਮਜੀਤ ਸਿੰਘ ਪੁੱਤਰ ਸ. ਹਰਚਰਨ ਸਿੰਘ ਵਾਸੀ ਮਕਾਨ ਨੰ.-2270, ਸੈਕਟਰ-35-ਸੀ, ਚੰਡੀਗੜ੍ਹ ਮਿਤੀ 16-01-2018 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ। ਸ. ਪਰਮਜੀਤ ਸਿੰਘ ਜੀ 52 ਸਾਲ ਦੇ ਸਨ ਅਤੇ ਪੰਜਾਬ ਯੂਨੀਵਰਸਿਟੀ ਦੇ ਪੋਸਟ ਗਰੈਜੂਏਟ ਸਨ। ਆਪ ਜੀ ਨੇ 1987 ਵਿਚ ਆਪਣੀ ਨੌਕਰੀ ਸ਼ੁਰੂ ਕੀਤੀ ਸੀ ਅਤੇ ਅੱਜਕਲ੍ਹ ਵੇਰਕਾ ਪਲਾਂਟ ਹੁਸ਼ਿਆਰਪੁਰ ਵਿਚ ਬਤੌਰ ਮੈਨੇਜਰ ਤੈਨਾਤ ਸਨ।ਆਪ ਜੀ ਦਾ ਪਰਿਵਾਰ 1947 ਤੋਂ ਬਾਅਦ ਅੰਬਾਲਾ ਕੈਂਟ (ਹਰਿਆਣਾ) ਵਿਚ ਵਸ ਗਿਆ ਸੀ।ਆਪ ਜੀ ਦੇ ਪਿਤਾ ਪੰਜਾਬ ਸਰਕਾਰ ਦੇ ਅਫ਼ਸਰ ਸਨ ਅਤੇ ਉਹਨਾਂ ਨੇ ਆਪਣਾ ਘਰ ਚੰਡੀਗੜ੍ਹ ਵਿਚ ਬਣਾ ਲਿਆ ਸੀ।ਆਪ ਜੀ ਦਾ ਇੱਕ ਪੁੱਤਰ ਅਤੇ ਇੱਕ ਪੁੱਤਰੀ ਹੈ।ਪੁੱਤਰ ਕੈਨੇਡਾ ਵਿੱਚ ਪੋਸਟ ਗਰੈਜੁਏਟ ਕਰ ਰਿਹਾ ਹੈ ਅਤੇ ਪੁੱਤਰੀ ਐਮ.ਸੀ.ਐਮ. ਕਾਲਜ ਚੰਡੀਗੜ੍ਹ ਤੋਂ ਬੀ.ਐਸ.ਸੀ. ਫੂਡ ਟੈਕਨਾਲੋਜੀ ਕਰ ਰਹੀ ਹੈ।ਆਪ ਜੀ ਚਾਰ ਭੈਣਾਂ ਦੇ ਇਕਲੌਤੇ ਭਰਾ ਸਨ।ਉਹਨਾਂ ਦੀ ਵੱਡੀ ਭੈਣ ਸਰਦਾਰਨੀ ਮਨਜੀਤ ਕੌਰ ਜੀ ਆਪ ਦੇ ਸਾਥ ਹੀ ਰਹਿ ਰਹੇ ਹਨ ਜੋ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨਾਲ ਜੁੜੇ ਹਨ ਅਤੇ ਲੁਬਾਣਾ ਸੇਵਕ ਵਿਚ ਆਪਣੀ ਰਚਨਾ ਦਿੰਦੇ ਰਹਿੰਦੇ ਸਨ।ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਸਮੂਹ ਮੈਂਬਰ ਅਤੇ ਮੈਨੇਜਮੈਂਟ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਪ੍ਰਮਾਤਮਾ ਸ. ਪਰਮਜੀਤ ਸਿੰਘ ਜੀ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਸ਼ੋਕ ਸਮਾਚਾਰ



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਇੰਜ. ਸਰਦਾਰਾ ਸਿੰਘ ਚੀਫ ਇੰਜੀਨੀਅਰ (ਰਿਟਾ.) ਸਾਨੂੰ 04-01-2018 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦਾ ਜਨਮ 08-01-1937 ਨੂੰ ਮਾਤਾ ਪਰਬ ਕੌਰ ਅਤੇ ਪਿਤਾ ਖੁਸ਼ਹਾਲ ਸਿੰਘ ਦੇ ਘਰ ਪਿੰਡ ਟਾਹਲੀ ਵਿਖੇ ਹੋਇਆ ਸੀ।

ਪਿੰਡ ਟਾਹਲੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦਾ ਹੈ ਪਰ ਬੇਗੋਵਾਲ ਤੋਂ ਕਾਫੀ ਨਜ਼ਦੀਕ ਹੈ। ਉਹਨਾਂ ਆਪਣੀ ਮੁਢਲੀ ਵਿਦਿਆ ਅੱਠਵੀਂ ਤੱਕ ਪਿੰਡ ਨੰਗਲ ਲੁਬਾਣਾ ਦੇ ਸਰਕਾਰੀ ਹਾਈ ਸਕੂਲ ਵਿਖੇ ਆਪਣੀ ਭੈਣ ਕੋਲ ਰਹਿੰਦਿਆਂ ਹੋਇਆਂ ਪਾਸ ਕੀਤੀ। ਇਸ ਤੋਂ ਪਿੱਛੋਂ ਉਹ ਆਪਣੀ ਵੱਡੀ ਭੈਣ ਪਿੰਡ ਟਾਂਡਾ ਮਾੜੀ ਜ਼ਿਲ੍ਹਾ ਗੁਰਦਾਸਪੁਰ ਚਲੇ ਗਏ ਅਤੇ ਉਹਨਾਂ ਕੋਲ ਰਹਿੰਦਿਆ ਹੋਇਆਂ ਦਸਵੀਂ ਜਮਾਤ ਬਹੁਤ ਚੰਗੇ ਨੰਬਰਾਂ ਨਾਲ ਗੋਰਮਿੰਟ ਹਾਈ ਸਕੂਲ ਸ੍ਰੀ ਹਰਗੋਬਿੰਦਪੁਰ ਤੋਂ ਪਾਸ ਕੀਤੀ। ਇਸ ਤੋਂ ਪਿੱਛੋਂ ਸ. ਸਰਦਾਰਾ ਸਿੰਘ ਨੇ ਐਫ.ਐਸ.ਸੀ. ਤੱਕ ਦੀ ਪੜ੍ਹਾਈ ਜਗਤਜੀਤ ਸਰਕਾਰੀ ਕਾਲਜ਼ ਕਪੂਰਥਲਾ ਤੋਂ ਬਹੁਤ ਚੰਗੇ ਨੰਬਰਾਂ ਨਾਲ ਪਾਸ ਕੀਤੀ। ਮੈਂ ਵੀ ਉਸ ਵੇਲੇ ਰਣਧੀਰ ਕਾਲਜ਼ ਕਪੂਰਥਲਾ ਵਿਖੇ ਬੀ.ਏ. ਵਿੱਚ ਪੜ੍ਹਦਾ ਸੀ। ਸ. ਸਰਦਾਰਾ ਸਿੰਘ ਕਾਲਜ ਦੀ ਕਬੱਡੀ ਅਤੇ ਭੰਗੜੇ ਦੀ ਟੀਮ ਦੇ ਮੈਂਬਰ ਸਨ। ਬਾਰ•ਵੀਂ ਪਾਸ ਕਰਨ ਤੋਂ ਪਿੱਛੋਂ ਉਹਨਾਂ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਇੰਜੀਨੀਅਰਿੰਗ ਕਾਲਜ ਵਿੱਚ ਦਾਖਲਾ ਮਿਲ ਗਿਆ। ਇੱਥੋ ਉਹਨਾਂ ਨੇ ਆਪਣੀ ਸਿਵਿਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਇਸ ਲੰਬੀ ਪੜ੍ਹਾਈ ਦੌਰਾਨ ਉਹਨਾਂ ਦੀ ਮਾਲੀ ਸਹਾਇਤਾ ਉਹਨਾਂ ਦੇ ਵੱਡੇ ਭਰਾ ਜੋ ਉਸ ਵੇਲੇ ਯੂ.ਪੀ. ਪੁਲਿਸ ਵਿਚ ਸਬ ਇੰਸਪੈਕਟਰ ਸਨ ਕਰਦੇ ਰਹੇ। ਇੰਜੀਨੀਅਰਿੰਗ ਦੀ ਡਿਗਰੀ ਪ੍ਰਪਤ ਕਰਨ ਉਪਰੰਤ ਉਹਨਾਂ ਦੀ ਅਪਾਇੰਟਮੈਂਟ ਇਰੀਗੇਸ਼ਨ ਮਹਿਕਮੇ ਵਿੱਚ ਬਤੌਰ ਐਸ.ਡੀ.ਓ. 1961 ਵਿੱਚ ਹੋਈ। ਇੰਜ. ਸਰਦਾਰਾ ਸਿੰਘ ਨੇ ਨੌਕਰੀ ਸਮੇਂ ਆਪਣਾ ਘਰ ਚੰਡੀਗੜ੍ਹ 36 ਸੈਕਟਰ ਵਿਖੇ ਬਣਾ ਲਿਆ ਸੀ। ਇੱਥੇ ਹੀ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਬਣਾਉਣ ਸਬੰਧੀ ਮੁੱਢਲੀਆਂ ਵਿਚਾਰਾਂ ਹੁੰਦੀਆਂ ਰਹੀਆਂ। ਭਵਨ ਦੇ ਨਿਰਮਾਣ ਲਈ ਜੋ ਪਲਾਟ ਚੰਡੀਗੜ੍ਹ ਪ੍ਰਸ਼ਾਸ਼ਨ ਪਾਸੋਂ ਖਰੀਦਿਆ ਗਿਆ ਇਸ ਸਬੰਧ ਵਿੱਚ ਸਵ. ਕਰਨਲ ਪ੍ਰਤਾਪ ਸਿੰਘ ਦੀ ਅਗਵਾਹੀ ਵਿੱਚ ਇੰਜ. ਸਰਦਾਰਾ ਸਿੰਘ ਅਤੇ ਦੋ ਤਿੰਨ ਹੋਰ ਪਤਵੰਤੇ ਸੱਜਣਾਂ ਨੇ ਬਹੁਤ ਯੋਗਦਾਨ ਪਾਇਆ। ਸਵ.ਸਰਦਾਰਾ ਸਿੰਘ ਚੀਫ ਇੰਜ. ਨੇ ਆਪਣੀ ਨੌਕਰੀ ਸਮੇਂ ਭਵਨ ਦੀ ਉਗਰਾਈ ਵਿੱਚ ਬਹੁਤ ਯੋਗਦਾਨ ਪਾਇਆ। ਜੇ ਇਹ ਕਿਹਾ ਜਾਵੇ ਕਿ ਭਵਨ ਦੇ ਨਿਰਮਾਣ ਸਬੰਧੀ ਮਾਇਆ ਇਕੱਠੀ ਕਰਨ ਵਿੱਚ ਸਭ ਤੋਂ

ਜ਼ਿਆਦਾ ਯੋਗਦਾਨ ਸਵ. ਸਰਦਾਰਾ ਸਿੰਘ ਚੀਫ ਇੰਜ. ਦਾ ਸੀ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਚੰਡਾਗੜ੍ਹ ਤੋਂ ਜਦ ਉਹ ਆਪਣੇ ਬੱਚਿਆਂ ਕੋਲ ਅਮਰੀਕਾ ਗਏ ਤਾਂ ਉਹ ਆਪਣੇ ਉੱਦਮ ਨਾਲ ਚੰਗੀ ਓਗਰਾਈ ਕਰਕੇ ਲਿਆਉਂਦੇ ਰਹੇ। ਇਹ ਸਾਰੀ ਰਕਮ ਲਗਭਗ ਪੰਦਰਾਂ ਜਾਂ ਸੋਲ੍ਹਾਂ ਲੱਖ ਦੇ ਕਰੀਬ ਸੀ, ਜਿਸ ਨਾਲ ਭਵਨ ਦੀ ਉਸਾਰੀ ਵਿੱਚ ਬਹੁਤ ਮੱਦਦ ਮਿਲੀ। ਭਵਨ ਲਈ ਉਗਰਾਈ ਕਰਨ ਲਈ ਜਦੋਂ ਉਹ ਕਿਸੇ ਦੇ ਘਰ ਗਏ ਤਾਂ ਜੇ ਘਰ ਵਾਲਿਆਂ ਨੇ ਉਹਨਾਂ ਨੂੰ ਉਗਰਾਈ ਦੇਣ ਤੋਂ ਇਨਕਾਰ ਕਰ ਦਿੱਤਾ, ਤਾਂ ਉਹਨਾਂ ਇਸ ਵਿੱਚ ਆਪਣੀ ਕੋਈ ਬੁਰਾਈ ਨਾਂ ਸਮਝੀ ਅਤੇ ਦੁਬਾਰਾ ਉਸੇ ਘਰ ਵਿੱਚ ਉਗਰਾਈ ਲੈਣ ਗਏ ਅਤੇ ਉਗਰਾਈ ਲੈ ਕੇ ਹੀ ਉਸ ਘਰ ਵਿਚੋਂ ਵਾਪਿਸ ਬਾਹਰ ਆਏ। ਸਵ. ਸਰਦਾਰਾ ਸਿੰਘ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਦੇ ਮੋਢੀ ਜਰਨਲ ਸਕੱਤਰ, ਫਾਇਨਾਂਸ ਸਕੱਤਰ ਰਹੇ। ਇਸਤੋਂ ਪਿੱਛੋਂ ਉਹ ਫਾਉਂਡੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਰਹੇ। ਉਹ ਫਾਉਂਡੇਸ਼ਨ ਦੇ ਆਨਰੇਰੀ ਸਰਪ੍ਰਸਤ ਰਹੇ।

ਸਵ. ਸਰਦਾਰਾ ਸਿੰਘ ਚੀਫ ਇੰਜ. ਬਹੁਤ ਸ਼ਰੀਫ ਅਤੇ ਸੁਘੜ ਸੁਭਾਅ ਦੇ ਮਾਲਕ ਸਨ। ਭਵਨ ਦੀਆਂ ਮੀਟਿੰਗਾਂ ਵਿੱਚ ਉਹ ਉਦੋਂ ਹੀ ਬੋਲਦੇ ਸਨ ਜਦੋਂ ਬਹੁਤ ਲੋੜ ਹੁੰਦੀ ਸੀ। ਉਹ ਬੜੇ ਹਸਮੁੱਖ ਅਤੇ ਹਮੇਸ਼ਾਂ ਹਸ ਕੇ ਗੱਲ ਕਰਨ ਵਾਲੇ ਇਨਸਾਨ ਸਨ। ਉਹਨਾਂ ਦੇ ਬੇਵਕਤ ਚਲੇ ਜਾਣ ਨਾਲ ਜਿੱਥੇ ਉਹਨਾਂ ਦੇ ਘਰ ਵਾਲਿਆਂ ਨੂੰ ਬਹੁਤ ਘਾਟਾ ਪਿਆ ਹੈ ਉੱਥੇ ਭਵਨ ਅਤੇ ਉਹਨਾਂ ਦੇ ਦੋਸਤਾਂ ਮਿਤਰਾਂ ਨੂੰ ਵੀ ਉਹਨਾਂ ਦੇ ਜਾਣ ਦਾ ਬਹੁਤ ਘਾਟਾ ਪਿਆ ਹੈ। ਸਵ. ਸਰਦਾਰਾ ਸਿੰਘ ਚੀਫ ਇੰਜ. ਦਾ ਪਰਿਵਾਰ ਸਮਾਜ ਵਿੱਚ ਬਹੁਤ ਚੰਗੀ ਤਰ੍ਹਾਂ ਵਿਚਰ ਰਿਹਾ ਹੈ। ਉਹਨਾਂ ਦਾ ਲੜਕਾ ਅਤੇ ਦੋ ਲੜਕੀਆਂ ਅਮਰੀਕਾ ਵਿੱਚ ਹਨ ਜੋ ਕਿ ਆਪਣਾ ਕਾਰੋਬਾਰ ਬਹੁਤ ਵਧੀਆ ਢੰਗ ਨਾਲ ਚਲਾ ਰਹੇ ਹਨ। ਉਹਨਾਂ ਦੀ ਇੱਕ ਲੜਕੀ ਆਰਮੀ ਅਫਸਰ ਸ. ਹਰਪਾਲ ਸਿੰਘ ਨਾਲ ਵਿਆਹੀ ਹੋਈ ਹੈ ਅਤੇ ਹਰਪਾਲ ਸਿੰਘ ਫੌਜ ਵਿੱਚ ਇਸ ਵੇਲੇ ਲੈਫਟੀਨੈਂਟ ਜਨਰਲ ਦੇ ਅਹੁਦੇ ਤੇ ਰਹਿੰਦੇ ਹੋਏ ਦਿੱਲੀ ਵਿੱਖੇ ਆਰਮੀ ਹੈਡਕਵਾਟਰ ਵਿੱਚ ਬਹੁਤ ਵਧੀਆ ਡਿਉਟੀ ਨਿਭਾ ਰਹੇ ਹਨ ਅਤੇ ਆਪਣੇ ਭਾਈਚਾਰੇ ਲਈ ਇੱਕ ਚਾਨਣ ਮੁਨਾਰੇ ਦਾ ਕੰਮ ਕਰ ਰਹੇ ਹਨ। ਸਮਾਜ ਵਿੱਚ ਵਿਚਰਦਿਆਂ ਸਾਡਾ ਕਈ ਵਿਅਕਤੀਆਂ ਨਾਲ ਵਾਕਵੀਅਤ, ਮੇਲ-ਜੋਲ ਅਤੇ ਦੋਸਤੀ ਹੁੰਦੀ ਹੈ ਪਰ ਦੋਸਤੀ ਦੀ ਪ੍ਰੀਭਾਸ਼ਾ ਵੱਖਰੀ ਹੀ ਹੈ। ਇਕ ਫਿਲਾਸਫਰ ਨੇ ਲਿਖਿਆ ਹੈ ਕਿ ਜੇ ਤੁਸੀਂ ਆਪਣੀ ਜ਼ਿੰਦਗੀ ਵਿੱਚ ਇਕ ਦੋਸਤ ਅਜਿਹਾ ਬਣਾ ਲਓ ਜਿਸ ਨਾਲ ਤੁਹਾਡੀ ਆਖਰੀ ਦਮ ਤੱਕ ਦੋਸਤੀ ਨਿਭ ਜਾਵੇ ਤਾਂ ਤੁਸੀਂ ਬਹੁਤ ਖੁਸ਼ਕਿਸਮਤ ਹੋਵੋਗੇ। ਮੇਰਾ ਚੀਫ ਸਾਹਿਬ ਨਾਲ ਪੱਚੀ ਸਾਲ ਤੋਂ ਬਹੁਤ ਨੇੜਤਾ ਤੇ ਪਿਆਰ ਰਿਹਾ ਹੈ। ਸਾਡੀ ਗੂੜ੍ਹੀ ਮਿੱਤਰਤਾ ਦੀ ਮੈਂ ਇੱਕ ਛੋਟੀ ਜਿਹੀ ਮਿਸਾਲ ਦਿੰਦਾ ਹਾਂ ਕਿ ਜਦ ਵੀ ਚੀਫ ਸਾਹਿਬ ਮੇਰੇ ਘਰ ਆਏ ਤਾਂ ਉਹਨਾਂ ਮੇਰੀ ਧਰਮ ਪਤਨੀ ਨੂੰ ਸਤਿ ਸ਼੍ਰੀ ਅਕਾਲ ਕਹਿਣ ਤੋਂ ਪਿੱਛੋਂ ਇਹ ਕਹਿੰਦੇ ਸੀ 'ਭੈਣ ਜੀ ਮੇਰੇ ਲਈ ਲੱਸੀ ਬਣਾਓ', ਇਸਤੋਂ ਤੁਸੀਂ ਅੰਦਾਜ਼ਾ ਲੱਗਾ ਸਕਦੇ ਹੋ ਕਿ ਸਾਡੀ ਆਪਸ ਵਿੱਚ ਕਿੰਨੀ ਨੇੜਤਾ ਸੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਨਾਲ ਹਜ਼ਾਰਾਂ ਵਿਅਕਤੀ ਜੁੜੇ ਹਨ ਅਤੇ ਇਸ ਵਿੱਚ ਦਿਨ-ਬ-ਦਿਨ ਵਾਧਾ ਹੋ ਰਿਹਾ ਹੈ ਪਰ ਸਵ. ਸਰਦਾਰਾ ਸਿੰਘ ਚੀਫ ਇੰਜ. ਦੀ ਘਾਟ ਸਾਨੂੰ ਸਾਰਿਆਂ ਨੂੰ ਸਦਾ ਮਹਿਸੂਸ ਹੁੰਦੀ ਰਹੇਗੀ। ਜਿੱਥੋਂ ਤਕ ਮੇਰਾ ਸਵਾਲ ਹੈ ਸਵ. ਸਰਦਾਰਾ ਸਿੰਘ ਚੀਫ ਇੰਜ. ਦੇ ਜਾਣ ਨਾਲ ਮੈਂ ਆਪਣਾ ਸਭ ਤੋਂ ਵਧੀਆ ਦੋਸਤ ਖੋ ਬੈਠਾ ਹਾਂ।

ਅਦਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਇਸ ਦੁੱਖ ਦੇ ਸਮੇਂ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ ਅਤੇ ਪ੍ਰਮਾਤਮਾਂ ਅੱਗੇ ਅਰਦਾਸ ਕਰਦਾ ਹੈ ਕਿ ਪ੍ਰਮਾਤਮਾਂ ਸਵ. ਸਰਦਾਰਾ ਸਿੰਘ ਚੀਫ ਇੰਜ. ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਉਹਨਾਂ ਦੇ ਪਰਿਵਾਰ ਨੂੰ ਚੜ੍ਹਦੀ ਕਲਾ ਵਿੱਚ ਰੱਖੇ।

**ਮੇਜਰ ਨਰਿੰਦਰ ਸਿੰਘ ਜੱਲੋ**



ਫਾਊਂਡੇਸ਼ਨ ਦੀ ਸਹਿਯੋਗੀ ਜਥੇਬੰਦੀ ਸੰਤ ਪ੍ਰੇਮ ਸਿੰਘ ਮੁਰਾਲਾ ਵੈਲਫੇਅਰ ਸੁਸਾਇਟੀ ਜਲੰਧਰ ਵੱਲੋਂ ਬਰਾਦਰੀ ਦੇ ਪਿੰਡਾਂ ਵਿਚ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਜ਼ਰੂਰਤਮੰਦ ਹੁਸ਼ਿਆਰ ਬੱਚਿਆਂ ਨੂੰ ਮਾਲੀ ਸਹਾਇਤਾ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਬ੍ਰਿਗੇਡੀਅਰ ਮਨਜੀਤ ਸਿੰਘ (ਰਿਟਾ.), ਚੇਅਰਮੈਨ ਸ. ਸੁਰਿੰਦਰ ਸਿੰਘ ਰੂਬੀ (ਰਿਟਾ.) ਈ.ਟੀ.ਓ., ਜਨਰਲ ਸਕੱਤਰ ਕਰਨਲ ਹਰਭਜਨ ਸਿੰਘ (ਰਿਟਾ.), ਸਲਾਹਕਾਰ ਪ੍ਰਿੰ. ਟਹਿਲ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਲਾਲਪੁਰ ਦਾ ਸਟਾਫ਼ ਅਤੇ ਨਗਰ ਨਿਵਾਸੀ



ਫਾਊਂਡੇਸ਼ਨ ਦੀ ਸਹਿਯੋਗੀ ਜਥੇਬੰਦੀ ਸੰਤ ਪ੍ਰੇਮ ਸਿੰਘ ਮੁਰਾਲਾ ਵੈਲਫੇਅਰ ਸੁਸਾਇਟੀ ਜਲੰਧਰ ਵੱਲੋਂ ਬਰਾਦਰੀ ਦੇ ਪਿੰਡਾਂ ਵਿਚ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਜ਼ਰੂਰਤਮੰਦ ਹੁਸ਼ਿਆਰ ਬੱਚਿਆਂ ਨੂੰ ਮਾਲੀ ਸਹਾਇਤਾ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਬ੍ਰਿਗੇਡੀਅਰ ਮਨਜੀਤ ਸਿੰਘ (ਰਿਟਾ.), ਚੇਅਰਮੈਨ ਸ. ਸੁਰਿੰਦਰ ਸਿੰਘ ਰੂਬੀ (ਰਿਟਾ.) ਈ.ਟੀ.ਓ., ਜਨਰਲ ਸਕੱਤਰ ਕਰਨਲ ਹਰਭਜਨ ਸਿੰਘ (ਰਿਟਾ.), ਸਲਾਹਕਾਰ ਪ੍ਰਿੰ. ਟਹਿਲ ਸਿੰਘ, ਸਰਕਾਰੀ ਹਾਈ ਸਕੂਲ ਸਲੇਮਪੁਰ ਦਾ ਸਟਾਫ਼ ਅਤੇ ਨਗਰ ਨਿਵਾਸੀ

# ਕਾਵਿ-ਕਿਆਰੀ

## ਸ਼ਬਦਾਂ ਦੇ ਸੰਜੋਗ

**ਹਰਬਖ਼ਸ਼ ਸਿੰਘ ਟਾਹਲੀ, ਯੂ.ਐਸ.ਏ.**



### (1) ਮੁਕਤੀ

ਮੁਕਤੀ ਭੇਖ ਵਿਚ ਨਹੀਂ ਸਾਧਨਾ ਵਿਚ ਹੈ
ਸਾਧਨਾ, ਮਨੁੱਖੀ ਤ੍ਰਿਸ਼ਨਾ ਨੂੰ ਸੋਧਣ ਦਾ ਨਾਮ ਹੈ,
ਭੇਖ, ਜਗਤ ਵਿਖਾਵਾ ਹੈ ਜਿਹੜਾ ਪਰਦਾ ਪਾਉਂਦਾ ਹੈ
ਤ੍ਰਿਸ਼ਨਾ ਦੇ ਉਬਲਦੇ ਭਾਂਡੇ ਉਪਰ।
ਭੇਖ ਕਲੋਲਾਂ ਕਰਦਾ ਹੈ ਮੋਹ ਦੀਆਂ ਤੰਦਾਂ ਨਾਲ
ਭੇਖੀ ਮਨੁੱਖ ਚਲਾ ਸਕਦੇ ਹਨ-ਸੰਪਰਦਾਵਾਂ, ਧਰਮ ਨਹੀਂ।
ਧਰਮ ਦੀ ਇਮਾਰਤ ਸੋਧੇ ਹੋਏ ਆਚਰਨ ਉਤੇ ਉਸਰਦੀ ਹੈ।
ਜਿਨ੍ਹਾਂ ਨੇ ਧਰਮ ਉਸਾਰੇ ਹਨ ਉਨ੍ਹਾਂ ਦੇ ਆਚਰਨ ਦੇਖੋ
ਉਬਲਦੀਆਂ ਦੇਗਾਂ ਵਿਚ ਉਬਾਲੇ ਗਏ ਅਤੇ
ਵੱਖ ਕਰਾ ਗਏ ਸੀਸ ਧੜਾਂ ਤੋਂ।
ਨੀਹਾਂ ਵਿਚ ਬੱਚੇ ਚਿਣਵਾ ਕੇ ਵੀ ਨਕਹਾ
ਯਾਰੜੇ ਦਾ ਸਾਨੂੰ ਸੱਥਰ ਚੰਗਾ
ਪਰ ਭੇਖੀ ਮਨੁੱਖ ਸ਼ੈਤਾਨ ਮਨ ਦੀ ਤ੍ਰਿਪਤੀ ਲਈ
ਜਗਾੜ ਬਣਾਉਂਦਾ ਹੈ ਅਤੇ ਲੋਕਾਂ ਨੂੰ ਦਿੰਦਾ
ਹੈ ਅਸ਼ੀਰਵਾਦਾਂ ਮੁਕਤੀ ਦੀਆਂ
ਜਿਹੜੀ ਮੁਕਤੀ ਸਾਧਨਾਂ ਤੋਂ ਬਿਨਾਂ ਪ੍ਰਗਟ ਨਹੀਂ ਹੁੰਦੀ।

### (2) ਸੱਜਣ ਮੇਰੇ ਨਾਲ ਵੱਸਦਾ

ਮੈਂ ਤਾਂ ਲੱਭਦਾ ਰਿਹਾ ਬਾਹਰ ਬਾਹਰ
ਸਜਣ ਮੇਰੇ ਨਾਲ ਵੱਸਦਾ।
ਐਵੇਂ ਕਰਦਾ ਰਿਹਾ ਮੈਂ ਇੰਤਜ਼ਾਰ
ਸਜਣ ਮੇਰੇ ਨਾਲ ਵੱਸਦਾ।

ਸੋਹਣੇ ਸੋਹਣੇ ਨੈਣਾਂ ਵਾਲੇ
ਦੇਖੇ ਕਈ ਮੁਖੜੇ
ਯਾਰੀ ਛੱਡ ਤੁਰ ਗਏ
ਦੇ ਕੇ ਭਾਰੀ ਦੁਖੜੇ
ਦਿੱਤਾ ਕਿਸੇ ਨਾ ਨਾ
ਚੈਨ ਕਰਾਰ।
ਸਜਣ ਮੇਰੇ ਨਾਲ ਵੱਸਦਾ
ਮੈਂ ਤਾਂ ਲੱਭਦਾ ਰਿਹਾ ਬਾਹਰ ਬਾਹਰ
ਸਜਣ ਮੇਰੇ ਨਾਲ ਵੱਸਦਾ।


ਬੜੀ ਮੁੱਦਤਾਂ ਦੇ ਬਾਅਦ
ਰਾਜ਼ ਇਹ ਮੈਂ ਜਾਣਿਆ
ਯਾਰ ਦਾ ਸੁਹਾਗ ਮੈਂ ਤਾਂ
ਅੰਦਰੋਂ ਹੀ ਮਾਣਿਆ
ਕਦੇ ਮੁੱਕੇ ਨਾ ਜੋ
ਮਿਲਿਆ ਉਹ ਪਿਆਰ
ਸਜਣ ਮੇਰੇ ਨਾਲ ਵੱਸਦਾ
ਮੈਂ ਤਾਂ ਲੱਭਦਾ ਰਿਹਾ ਬਾਹਰ ਬਾਹਰ
ਸਜਣ ਮੇਰੇ ਨਾਲ ਵੱਸਦਾ।

### (3) ਗਰਵ

ਜਾਤ ਦਾ ਗਰਵ ਨਾ ਕਰੀਂ
ਇਹ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ।
ਆਤਮਾ, ਪ੍ਰਮਾਤਮਾ ਦਾ ਇਕ ਹਿੱਸਾ ਹੈ
ਇਹ ਗੀਤਾ ਵਿਚ ਲਿਖਿਆ ਹੈ।
ਵੇਦ ਸਾਰੀ ਸ੍ਰਿਸ਼ਟੀ ਨੂੰ ਬ੍ਰਹਮਾ ਦੀ ਨਾਭ
ਵਿਚੋਂ ਉਪਜਿਆ ਮੰਨਦਾ ਹੈ।
ਉਪਨਿਸ਼ਦ ਕਹਿੰਦੇ ਹਨ ਇਹ ਸਾਰੀ ਸ੍ਰਿਸ਼ਟੀ
ਇਕ ਧੁਨੀ (ਆਵਾਜ਼) ਵਿਚੋਂ ਪੈਦਾ ਹੋਈ ਹੈ।
ਬਾਈਬਲ ਸਾਰੀ ਮਨੁੱਖਤਾ ਨੂੰ
ਆਦਮ ਦੀ ਔਲਾਦ ਮੰਨਦੀ ਹੈ,
ਕੁਰਾਨ ਬੰਦੇ ਨੂੰ ਅੱਲਾ ਦੀ ਜਾਤ ਕਹਿੰਦੀ ਹੈ।
ਫਿਰ ਕਿਉਂ? ਕਿਉਂ ਇਹ ਧਰਮਾਂ ਦੀਆਂ ਪੰਡਾਂ
ਚੁੱਕੀ ਫਿਰਦੇ ਇਹ ਲੋਕ
ਪਾਈ ਫਿਰਦੇ ਨੇ ਵੰਡੀਆਂ
ਜਾਤਾਂ ਦੀਆਂ, ਗੋਤਾਂ ਦੀਆਂ, ਕੌਮਾਂ ਦੀਆਂ?
ਕਿਤੇ ਇਹ ਆਪਣੇ ਹੀ ਗ੍ਰੰਥਾਂ ਦੇ ਵਿਰੋਧ
ਵਿਚ ਖੜ੍ਹੇ ਤੇ ਨਹੀਂ ਹੋ ਗਏ?
ਕਿਤੇ ਇਹ ਪਵਿੱਤਰ ਗ੍ਰੰਥਾਂ ਨੂੰ ਸਿਰਾਂ ਤੇ ਚੁੱਕੀ
ਆਪਣੀ ਢਾਲ ਬਣਾ ਕੇ, ਸਿਆਸਤ ਦੀ ਖੇਡ
ਤੇ ਨਹੀਂ ਖੇਡ ਰਹੇ?
ਕਿਤੇ ਧਰਮ ਦੇ ਮਖੌਟੇ ਪਹਿਨ ਕੇ
ਸ਼ੈਤਾਨ ਦੀ ਫੌਜ ਦੇ ਸਿਪਾਹੀ ਇਨਸਾਨੀਅਤ ਦੇ ਖਿਲਾਫ
ਜੰਗ ਤੇ ਨਹੀਂ ਲੜ ਰਹੇ?

*****

## ਭਰਿਆ ਭਰਿਆ ਸੱਖਣਾ ਸੱਖਣਾ



ਅੱਜ ਫੇਰ ਮੇਰਾ ਮਨ ਭਰਿਆ ਭਰਿਆ,
ਅੱਜ ਫੇਰ ਮੇਰਾ ਮਨ ਸੱਖਣਾ ਸੱਖਣਾ।
ਪਤਾ ਨਹੀਂ ਕਿਹੜੀ ਗੱਲੋਂ ਭਰਿਆ,

ਪਤਾ ਨਹੀਂ ਕਿਹੜੀ ਗੱਲੋਂ ਸੱਖਣਾ।
ਪਰ ਘੋਰ ਉਦਾਸੀ ਦਾ ਇਹ ਆਲਮ
ਕੁਝ ਮੂਕ ਗਵਾਹੀ ਇਉਂ ਭਰਦਾ ਹੈ:
ਇਹ ਨਿੱਜੀ ਅਨਿੱਜੀ ਪੀੜਾਂ ਭਰਿਐ
ਮਨ ਦੇ ਚੈਨ-ਸਕੂਨ ਤੋਂ ਸੱਖਣੈ।

ਕੁਝ ਆਪਣੇ ਮਾਂ-ਪਿਉ ਜਾਇਆਂ ਦੀ,
ਕੁਝ ਸਵੈ ਤੋਂ ਵੱਧ ਅਪਣਾਇਆਂ ਦੀ।
ਹਉਂ ਗਉਂ ਦੀ ਕ੍ਰਿਤਘਣਤਾ ਦਾ,
ਇਸ ਵਿਚ ਸਿੱਧਾ ਅਸਿੱਧਾ ਹੱਥ ਲੱਗਦਾ ਹੈ।
ਚੁੱਪ ਚੁਪੀਤੀ ਸੀਮਤ ਕੀਤੀ, ਸਵੈਸਤਿਕਾਰਤ ਜ਼ਿੰਦਗਾਨੀ ਦਾ
ਨਿਰਮਲ ਨਿਹਚਲ ਤੇ ਨਿਰਭਉ, ਆਪਣਾ ਇਕ ਸੁਭਾਉ ਹੁੰਦਾ ਹੈ।
ਜਿਸ ਦਾ ਪ੍ਰਦੂਸ਼ਿਤ ਜੀਵਨ-ਸ਼ੈਲੀ ਨਾਲ, ਅਕਸਰ ਹੀ ਟਕਰਾਉ ਹੁੰਦਾ ਹੈ।

ਸਾਸ਼ਨ ਤੇ ਪ੍ਰਸਾਸ਼ਨ ਦੀ ਸਹਿਚਾਰੀ ਕਰਕੇ,
ਕਾਲੇ ਧਨ ਚੋਰ ਬਜ਼ਾਰੀ ਦੀ ਬਦਕਾਰੀ ਕਰਕੇ।
ਚਿੱਟੇ ਦਿਨ ਸਰ੍ਹੇ-ਬਜ਼ਾਰ ਲੁੱਟਾਂ-ਖੋਹਾਂ ਦੀ ਭਰਮਾਰ,
'ਮੋਇਆਂ ਸਾਰ ਨਾ ਕਾਈ' ਤੋਂ ਹੋ ਕੇ ਬੇਜ਼ਾਰ।
ਕਦੇ ਮੇਰਾ ਮਨ, ਕਦੇ ਤੇਰਾ ਮਨ
ਕਦੇ ਕਦੇ ਸਾਡਾ ਸਭ ਦਾ ਮਨ
ਪ੍ਰਦੇਸੀ ਹੋ ਤਰੁੱਠਦਾ ਹੈ, ਕਹਿ ਉੱਠਦਾ ਹੈ।
ਅੱਜ ਫੇਰ ਮੇਰਾ ਮਨ ਭਰਿਆ ਭਰਿਐ,
ਅੱਜ ਫੇਰ ਮੇਰਾ ਮਨ ਸੱਖਣਾ ਸੱਖਣੈ।

ਮਖੌਟੇ ਪਹਿਣ ਵਿਚਰਦੀ ਚੋਰਾਂ ਦੀ ਭੀੜ ਨੂੰ
ਕਿਸ ਪ੍ਰਯੋਗਸ਼ਾਲਾ ਵਿਚ ਪਰਖੀਏ?
ਕੌਣ ਨਿਸ਼ਾਨਚੀ ਕੌਣ ਨਿਸ਼ਾਨਾ।
ਕੌਣ ਹੈ ਆਪਣਾ ਕੌਣ ਬਿਗਾਨਾ।
ਇਸ ਨਤੀਜੇ ਤੇ ਕਿੰਝ ਅਪੜੀਏ?
ਏਸੇ ਲਈ ਅੱਜ ਫੇਰ ਮਨ, ਭਰਿਆ ਭਰਿਐ।
ਅੱਜ ਫੇਰ ਮੇਰਾ ਮਨ ਸੱਖਣਾ ਸੱਖਣੈ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ, ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ, ਮੋ. 98153-03206**

* * *

## (ਨਜ਼ਮ) ਪਰਵਾਸੀ ਹੋਣ 'ਤੇ

ਪਰਵਾਸੀ ਸਫ਼ਰ ਦਾ ਆਗਾਜ਼ ਸੀ
ਜਾਂ ਪਰਦੇਸੀ ਅੰਬਰਾਂ 'ਤੇ ਨਵੀਂ ਪਰਵਾਜ਼ ਸੀ
ਮਨ ਦਾ ਪੰਛੀ ਤੜਪਿਆ ਤੇ ਫ਼ੜਫੜਾਇਆ ਬਹੁਤ
ਭਾਵੇਂ ਇਸ ਕੋਲ ਅੰਬਰ-ਉਡਾਰੀਆਂ ਦਾ ਅਭਿਆਸ ਸੀ
ਆਪਣਿਆਂ ਦੇ ਨਿੱਘ ਤੋਂ ਸੱਖਣੀ
ਯਖ਼ ਠੰਢੀ ਕਾਇਨਾਤ ਸੀ
ਇਕ ਹਮ-ਵਤਨੀ ਸ਼ਖ਼ਸ ਨਾਲ
ਮੇਰੀ ਪਲੇਠੀ ਮੁਲਾਕਾਤ ਸੀ-
ਉਸ ਪਿਆਰੇ/ਸਤਿਕਾਰੇ ਵੀਰ ਨੇ
ਦਿਲ ਖੋਲ੍ਹ ਸੁਣਾਇਆ ਦੁੱਖੜਾ
ਜਾਪ ਰਿਹਾ ਸੀ ਮੇਰੇ ਵਾਂਗਰ
ਉਹ ਨਦੀ ਕਿਨਾਰੇ ਰੁੱਖੜਾ।
ਕਹਿੰਦਾ ਘਰ-ਬਾਰ ਗੁਆ ਲਿਆ
ਪਰਦੇਸੀਂ ਪੱਕੇ ਹੋਣ ਦੀ ਤਾਕ ਵਿਚ
ਹੁਣ ਤਾਂ ਕੋਈ ਜੁਗਨੂੰ ਵੀ ਜਗਮਗਾਉਂਦਾ ਨਹੀਂ
ਮੇਰੀ ਮੱਸਿਆ ਦੀ ਕਾਲੀ ਰਾਤ ਵਿਚ।
ਮਾਂ ਅੱਖੀਆਂ ਮੀਚ ਗਈ ਦੇਸ ਬੈਠੀ
ਆਪਣੇ ਪਿਆਰੇ-ਦੁਲਾਰੇ ਨੂੰ ਉਡੀਕਦੀ
ਬਾਪੂ ਵੀ ਰੱਬ ਨੂੰ ਪਿਆਰਾ ਹੋ ਗਿਆ
ਪਰਦੇਸੀ ਪੁੱਤ ਦੇ ਬਿਰਹਾ ਨੂੰ ਭੋਗਦਾ
ਵੇਖ ਨਾ ਸਕਿਆ ਰੰਗ-ਰੂਪ ਮੈਂ
ਉਨ੍ਹਾਂ ਦੀ ਆਖ਼ਰੀ ਜੀਵਨ-ਸ਼ਾਮ ਦਾ।
ਮੈਂ ਤਾਂ ਸੱਚੀ ਮੁੱਕ ਗਿਆ ਹਾਂ ਵੀਰਿਆ
ਸਮਿਉਂ ਪਹਿਲਾਂ ਸੁੱਕ ਗਿਆ ਹਾਂ ਵੀਰਿਆ
ਏਸ ਬੇਗਾਨੀ ਧਰਤ ਤੋਂ
ਚਿੱਟੀ ਚਮੜੀ ਦੀ ਪਰਤ 'ਚੋਂ
ਅਪਣੱਤ ਦੇ ਰਿਸ਼ਤਿਆਂ ਨੂੰ ਭਾਲਦਾ
ਡਾਲਰਾਂ ਦੇ ਫੋਕੇ ਮੋਹ ਨੂੰ ਪਾਲਦਾ
ਚੇਤਾ ਨਹੀਂ ਮੈਨੂੰ ਹੁਣ ਕੋਈ
ਦਿਨ, ਤਿਉਹਾਰ ਜਾਂ ਨਵੇਂ ਸਾਲ ਦਾ।
ਗਰੀਨ ਕਾਰਡ ਵੇਖ ਕੇ ਮੇਰਾ ਜਿਵੇਂ
ਉਹ ਝੂਰਿਆ ਤੇ ਗ਼ਮ ਲਾਇਆ ਬਹੁਤ
ਕਹਿੰਦਾ ਗ਼ੈਰ ਕਾਨੂੰਨੀ ਪਰਵਾਸੀ ਹੋਣ ਦਾ
ਮੈਂ ਤਾਂ ਸੰਤਾਪ ਹੰਢਾਇਆ ਬਹੁਤ
ਚਿੱਟਾ ਸਫ਼ੈਦ ਹੋ ਗਿਆ ਹਾਂ
ਇਸ ਸੌਗਾਤ ਦੀ ਭਾਲ ਵਿਚ
ਉਫ! ਕੀ ਖੱਟਿਆ ਮੈਂ ਆ ਕੇ
ਇਸ ਦੇਸ਼ ਖੁਸ਼ਹਾਲ ਵਿਚ।
ਵਾਸ ਅਤੇ ਪਰਵਾਸ 'ਤੇ
ਪਰਵਾਸੀ ਹੋਣ ਦੇ ਅਹਿਸਾਸ 'ਤੇ
ਸੁਣ ਕੇ ਉਹਦੀ ਵੇਦਨਾ
ਦਿਲ ਕੰਬਿਆ ਤੇ ਜਜ਼ਬਾਤੀ ਹੋਇਆ
'ਮਕਸੂਦਪੁਰੀ' ਜਗ-ਜੀਵਨ ਵੰਨ-ਸੁਵੰਨ ਹੈ
ਜਿਸ ਵਿਚ ਸੱਚੇ ਸਿਰਜਣਹਾਰ ਨੇ
ਹੈ ਸਭ ਰੰਗ ਸਮੋਇਆ।



**ਸੁਰਿੰਦਰ ਮਕਸੂਦਪੁਰੀ, 234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ, ਮੋ. 99887-10234**

ਸਿਹਤ ਸੰਭਾਲ

# ਅਨਾਰ ਕਰਦਾ ਹੈ ਤੁਹਾਡੇ ਦਿਲ ਅਤੇ ਜਾਨ ਦੀ ਰੱਖਿਆ



ਤੁਹਾਡੇ ਪੇਟ ’ਚ ਜਾਣ ਵਾਲਾ ਅਨਾਰ ਦਾ ਹਰ ਦਾਣਾ ਤੁਹਾਡੇ ਦਿਲ ਅਤੇ ਤੁਹਾਡੀ ਜਾਨ ਦੀ ਰੱਖਿਆ ਕਰਦਾ ਹੈ। ਤਾਜ਼ਾ ਅਧਿਐਨਾਂ ਤੋਂ ਇਹ ਪ੍ਰਮਾਣਿਤ ਹੋਇਆ ਹੈ ਕਿ ਹਲਕੇ ਗਰਮ ਪਾਣੀ ਦੇ ਨਾਲ ਅਨਾਰਦਾਨਾ ਲੈਣ ਨਾਲ ਦਿਲ ਦੀ ਸਿਹਤ ’ਤੇ ਚੰਗਾ ਅਸਰ ਪੈਂਦਾ ਹੈ। ਅਨਾਰ ਇਕ ਮੌਸਮੀ ਫ਼ਲ ਹੈ ਅਤੇ ਮੈਂ ਇਸ ਦੇ ਨਾਲ ਪ੍ਰਯੋਗ ਕਰਦਿਆਂ ਇਸ ਦੇ ਦਾਣੇ ਸੁਕਾ ਲਏ, ਜਿਨ੍ਹਾਂ ਨੂੰ ਅਨਾਰਦਾਣਾ ਕਹਿੰਦੇ ਹਨ।

ਉਸ ਤੋਂ ਬਾਅਦ ਇਸ ਦੇ ਕੁਝ ਦਾਨਿਆਂ ਨੂੰ ਅੱਧਾ ਲੀਟਰ ਪਾਣੀ ਵਿਚ 10 ਮਿੰਟ ਤੱਕ ਉਬਾਲ ਕੇ ਨਿਚੋੜ ਲਿਆ। ਇਹ ਰਸ ਉਨ੍ਹਾਂ ਲੋਕਾਂ ਲਈ ਬੇਹੱਦ ਉਪਯੋਗੀ ਹੈ ਜੋ ਕਿ ਐਨਜਾਈਨਾ ’ਚ ਦਰਦ ਨੂੰ ਘੱਟ ਕਰਦਾ ਹੈ। ਇਸ ਨੂੰ ਸਵੇਰੇ ਸਵੇਰੇ ਲੈਣ ਨਾਲ ਸ਼ਾਨਦਾਰ ਨਤੀਜੇ ਮਿਲੇ। ਸੁੱਕੇ ਅਨਾਰਦਾਣੇ ਦੇ ਬੀਜਾਂ ਨੇ ਜਾਦੂ ਵਰਗਾ ਕੰਮ ਕੀਤਾ ਹੈ ਅਤੇ ਛਾਤੀ ਵਿਚ ਭਾਰੀਪਣ ਵੀ ਚਲਾ ਗਿਆ ਅਤੇ ਦਰਦ ਵੀ ਖ਼ਤਮ ਹੋ ਗਿਆ। ਇਸ ਨਾਲ ਮੈਨੂੰ ਇਸ ਨੂੰ ਲੈ ਕੇ ਹੋਰ ਪ੍ਰਯੋਗ ਕਰਨ ਦੀ ਪ੍ਰੇਰਨਾ ਮਿਲੀ ਅਤੇ ਸਾਰੇ ਤਰ੍ਹਾਂ ਦੇ ਦਿਲ ਦੇ ਰੋਗੀਆਂ ’ਤੇ ਤਜ਼ਰਬਾ ਕੀਤਾ। ਅਜਿਹੇ ਮਰੀਜ਼, ਜੋ ਕਿ ਐਨਜਾਈਨਾ, ਕੋਰੋਨੇਰੀ ਆਰਟਿਰੀ ਬਲਾਕੇਜ਼, ਦਿਲ ਦੀਆਂ ਮਾਸਪੇਸ਼ੀਆਂ ਵਿਚ ਖ਼ੂਨ ਦੇ ਪ੍ਰਵਾਹ ਦੇ ਘੱਟ ਹੋਣ ਆਦਿ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਸਨ, ਅਤੇ ਉਹ ਬਾਈਪਾਸ ਸਰਜਰੀ ਦੀ ਉਡੀਕ ਕਰ ਰਹੇ ਸਨ, ਹੁਣ ਚੰਗੇ ਭਲੇ ਹਨ।

ਖਾਲੀ ਪੇਟ ਗਰਮ ਪਾਣੀ ਦੇ ਨਾਲ ਲੈਣ ਨਾਲ ਮਰੀਜ਼ਾਂ ਨੂੰ ਦਰਦ ਵਿਚ ਤੁਰੰਤ ਰਾਹਤ ਮਿਲਦੀ ਦੇਖੀ ਗਈ। ਦਿਲ ਦੀਆਂ ਨਾੜੀਆਂ ਦੇ ਬੰਦ ਹੋਣ ਦੇ ਇਕ ਹੋਰ ਮਾਮਲੇ ਵਿਚ ਮਰੀਜ਼ ਨੇ ਇਕ ਸਾਲ ਤੱਕ ਰੋਜ਼ਾਨਾ ਅਨਾਰ ਦਾ ਤਾਜ਼ਾ ਜੂਸ ਪੀਤਾ ਅਤੇ ਪਹਿਲੇ ਹਫ਼ਤੇ ਤੋਂ ਬਾਅਦ ਹੀ ਦਿਲ ’ਤੇ ਦਬਾਅ ਦੇ ਸਾਰੇ ਲੱਛਣ ਸਮਾਪਤ ਹੋਣੇ ਦਿਖਾਈ ਦੇਣ ਲੱਗੇ। ਪਰ ਉਹ ਇਕ ਸਾਲ ਤੱਕ ਅਨਾਰ ਦਾ ਜੂਸ ਹੀ ਪੀਂਦੇ ਰਹੇ। ਉਸ ਨਾਲ ਨਾੜੀਆਂ ਵਿਚ ਜਮ੍ਹਾਂ ਪਦਾਰਥ ਆਪਣੇ ਆਪ ਸਾਫ਼ ਹੋ ਗਿਆ ਅਤੇ ਸਾਰੀਆਂ ਧਮਣੀਆਂ ਵੀ ਆਮ ਵਾਂਗ ਹੋ ਗਈਆਂ।

ਏਂਜੀਓਗਰਾਫ਼ੀ ਨਾਲ ਵੀ ਇਸ ਗੱਲ ਦੀ ਪੁਸ਼ਟੀ ਹੋਈ ਹੈ। ਅਜਿਹੇ ਵਿਚ ਅਨਾਰ ਦਾ ਜੂਸ, ਅਨਾਰਦਾਣੇ ਅਤੇ ਅਨਾਰ ਦਾ ਸਤ ਪੀਣ ਨਾਲ ਦਿਲ ਦੇ ਰੋਗਾਂ ਨੂੰ ਬੇਹੱਦ ਲਾਭ ਹੋ ਰਿਹਾ ਹੈ। ਸਵੇਰੇ ਸਵੇਰੇ ਇਸ ਦਾ ਸੇਵਨ ਕਰਨ ਨਾਲ ਲੋਕਾਂ ਨੂੰ ਦਿਲ ਦੇ ਰੋਗਾਂ ਤੋਂ ਮੁਕਤੀ ਮਿਲ ਰਹੀ ਹੈ।

ਸਭ ਤੋਂ ਵਧੇਰੇ ਪ੍ਰਭਾਵੀ ਹਲਕੇ ਗਰਮ ਪਾਣੀ ਦੇ ਨਾਲ ਅਨਾਰ ਦੇ ਬੀਜਾਂ ਦਾ ਸਤ ਲੈਣਾ ਇਕ ਅਨਾਰ ਖਾਣ ਨਾਲੋਂ ਵੀ ਵਧੇਰੇ ਪ੍ਰਭਾਵੀ ਪਾਇਆ ਗਿਆ ਹੈ। ਉਥੇ ਰੋਜ਼ਾਨਾ ਅਨਾਰ ਖਾਣਾ ਜਾਂ ਇਸ ਦਾ ਜੂਸ ਪੀਣਾ ਵੀ ਕਾਫ਼ੀ ਵਧੇਰੇ ਗੁਣਕਾਰੀ ਸਾਬਤ ਹੋਇਆ ਹੈ। ਇਸ ਨਾਲ ਮਰੀਜ਼ਾਂ ਦਾ ਗਾੜ੍ਹਾ ਹੋਇਆ ਖ਼ੂਨ ਪਤਲਾ ਹੋਇਆ, ਦਿਲ ਦੇ ਮਰੀਜ਼ਾਂ ਦੇ ਦਰਦ ਘੱਟ ਹੋਏ, ਐਲ.ਡੀ.ਐਲ. ਘੱਟ ਹੋਇਆ ਅਤੇ ਐਚ.ਡੀ.ਐਲ. ਵਧਿਆ ਹੈ।

ਦਿਲ ਦੇ ਕਰੀਬ 50 ਤਰ੍ਹਾਂ ਦੇ ਰੋਗ ਹਨ ਅਤੇ ਸਭ ਤੋਂ ਵਧੇਰੇ ਆਮ ਪਾਇਆ ਜਾਣ ਵਾਲਾ ਰੋਗ ਸੀ.ਏ.ਡੀ. ਹੀ ਹੈ ਜੋ ਕਿ ਔਰਤਾਂ ਅਤੇ ਪੁਰਸ਼ਾਂ ਦੀ ਜਾਨ ਦਾ ਸਭ ਤੋਂ ਵੱਡਾ ਖ਼ਤਰਾ ਬਣਿਆ ਹੋਇਆ ਹੈ। ਕਈ ਵਾਰ ਤਾਂ ਮਰੀਜ਼ਾਂ ਨੂੰ ਕੋਈ ਇਲਾਜ ਵੀ ਨਹੀਂ ਮਿਲ ਸਕਦਾ।

ਕੁਝ ਦੇਸ਼ਾਂ ਵਿਚ ਇਸ ਦੇ ਮਾਮਲੇ ਕਾਫ਼ੀ ਵਧੇਰੇ ਪਾਏ ਜਾ ਰਹੇ ਹਨ ਅਤੇ ਲੋਕਾਂ ਲਈ ਇਹ ਜਾਨਲੇਵਾ ਬਣਦਾ ਜਾ ਰਿਹਾ ਹੈ। ਅਜਿਹੇ ਵਿਚ ਜੇਕਰ ਦਿਲ ਦੇ ਰੋਗਾਂ ਤੋਂ ਮੁਕਤੀ ਚਾਹੀਦੀ ਹੈ ਤਾਂ ਤਾਜ਼ਾ ਅਨਾਰ ਦਾ ਰਸ ਬੇਹੱਦ ਗੁਣਕਾਰੀ ਹੈ। ਇਸ ਨੂੰ ਸਵੇਰੇ ਖਾਲੀ ਪੇਟ ਪੀਤਾ ਜਾ ਸਕਦਾ ਹੈ ਅਤੇ ਕਾਰਡੀਓਲਾਜੀ ਦੇ ਇਤਿਹਾਸ ’ਚ ਇਹ ਪਹਿਲੀ ਵਾਰ ਹੋਇਆ ਹੈ ਕਿ ਇਕ ਫ਼ਲ ਨਾਲ ਦਿਲ ਦੇ ਰੋਗਾਂ ਦੇ ਠੀਕ ਹੋਣ ਦਾ ਪਤਾ ਲੱਗ ਰਿਹਾ ਹੈ।

ਦਿਲ ਦੇ ਰੋਗਾਂ ਵਿਚ ਮਦਦ ਕਰਨ ਵਾਲੇ ਹੋਰ ਫ਼ਲਾਂ ਵਿਚ ਕਿਸ਼ਮਿਸ਼, ਅਮਰੂਦ, ਸੁੱਕੇ ਆਲੂ ਬੁਖਾਰੇ, ਅੰਗੂਰ ਅਤੇ ਫ਼ਲਾਂ ਦਾ ਜੂਸ, ਸਵੇਰੇ ਸ਼ਹਿਦ ਖਾਣਾ, ਬਾਸਿਲ ਦੇ ਪੱਤੇ ਆਦਿ ਵੀ ਦਿਲ ਦੀ ਸੁਰੱਖਿਆ ਪ੍ਰਦਾਨ ਕਰਨ ਵਿਚ ਮਦਦ ਮਿਲੀ ਹੈ।

ਹੁਣ ਇਹ ਆਮ ਕਿਹਾ ਜਾਣ ਲੱਗਾ ਹੈ ਕਿ ਦਿਲ ਦੇ ਮਰੀਜ਼ਾਂ ਦਾ ਇਲਾਜ ਅਤੇ ਬਾਈਪਾਸ ਸਰਜਰੀ ਵਿਸ਼ਵ ਵਿਚ ਸਭ ਤੋਂ ਵਧੇਰੇ ਲਾਭ ਵਾਲਾ ਕਾਰੋਬਾਰ ਬਣ ਗਿਆ ਹੈ ਜਦੋਂਕਿ ਇਸ ਤੋਂ ਬਾਅਦ ਵੀ ਹਾਰਟ ਅਟੈਕ ਤੋਂ ਸੁਰੱਖਿਆ ਨਹੀਂ ਮਿਲਦੀ ਅਤੇ ਦਿਲ ਦੀਆਂ ਸਮੱਸਿਆਵਾਂ ਬਣੀਆਂ ਰਹਿੰਦੀਆਂ ਹਨ। ਕਈ ਵਾਰ ਜ਼ਿੰਦਗੀ ਪੂਰੀ ਤਰ੍ਹਾਂ ਅਪੰਗ ਹੋ ਜਾਂਦੀ ਹੈ। ਅਜਿਹੇ ਵਿਚ ਨਿਯਮਿਤ ਤੌਰ ’ਤੇ ਅਨਾਰ ਖਾਣ ਨਾਲ ਦਿਲ ਦੀ ਧੜਕਣ ਚੰਗੀ ਹੁੰਦੀ ਹੈ ਅਤੇ ਖ਼ੂਨ ਦੇ ਥੱਕੇ ਘੁਲ ਜਾਂਦੇ ਹਨ ਅਤੇ ਦਿਲ ਦੀਆਂ ਧਮਣੀਆਂ ਵਿਚ ਆਈਆਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ, ਖ਼ੂਨ ਦਾ ਪ੍ਰਵਾਹ ਆਮ ਵਾਂਗ ਹੋ ਜਾਂਦਾ ਹੈ ਅਤੇ ਬਿਹਤਰ ਰਕਤਚਾਪ ਦਿਲ ਨੂੰ ਚੰਗੀ ਤਰ੍ਹਾਂ ਨਾਲ ਕੰਮ ਕਰਨ ਦੀ ਆਜ਼ਾਦੀ ਦਿੰਦਾ ਹੈ।

# Punjab Police Recruitments

| | |
|---|---|
| District Police Cadre | 3000 |
| Armed Police Cadre | 678 |
| District Police Cadre (Female) | 322 |
| **Total** | **4000** |

**Educational Qualification:**
The candidate applying for Punjab Police Jobs must be 10+2 pass for Constable vacancy from recognized board and the candidate should have passed Punjabi up to matriculation level.

**Age Limit:**
The candidate's age should be between 18 to 25 years for both male and female candidates.

**Age Relaxation:**
SC/ST/BC: 05 years
Ex-Servicemen: 03 years

**Salary:**
Rs. 10300-34800/- and Rs. 3200-grade pay

**Marks For Height:**

**Male Candidates**

| Height | Marks |
|---|---|
| 5'7" | 10 |
| 5'8" | 11 |
| 5'9" | 12 |
| 5'10" | 13 |
| 5'11" | 14 |
| 6' and above | 15 (Maximum) |

**Female Candidates**

| Height | Marks |
|---|---|
| 5'3" | 10 |
| 5'4" | 11 |
| 5'5" | 12 |
| 5'6" | 13 |
| 5'7" | 14 |
| 5'-8" and above | 15 (Maximum) |

**Physical Standard:**

| Candidate | Minimum Height Required |
|---|---|
| Male | 5'7" (5 Feet 7 Inches) |
| Female | 5'3" (5 Feet 3 Inches) |

**Recruitment Centres:**

**Male Candidates**

**Centre Name**
Patiala
Bathinda
Roopnagar
Jalandhar
Ludhiana
Ferozepur
Amritsar

**Female Candidate**

**Centre Name**
Patiala
Jalandhar
Bathinda
Amritsar

**Selection Process:**
The selection process for Punjab Police Bharti is going to be on the basis of Physical Measurement Test (PMT), the Physical Screening Test (PST) and interview-cum-personality test. The candidates qualified in PMT and PST will be called for interview on the state-wide merit list. For more details kindly visit the official website www.punjabpolice.gov.in.

(a) <u>PHYSICAL MEASUREMENT TEST (PMT)</u>

Only those candidates who are found to fulfill the requisite minimum and maximum age and educational qualifications shall be screened for height. And all candidates who have been found to be of requisite height (male- 5' 7" & female- 5' 3") will stand qualified to appear in the Physical Screening Test (PST).

(b) <u>PHYSICAL SCREENING TEST (PST)</u>

The candidates shall be required to appear in the **Physical Screening Test**, which shall be of a qualifying nature and shall comprise of the following events:

| MALE | | | FEMALE |
|---|---|---|---|
| Non Ex-servicemen | Ex servicemen | | |
| | Age<=35 years | Age > 35 years | |
| • <u>1600 meters Race</u> to be completed in 6minutes 30 seconds ***(only 1 chance)***<br>• **Long Jump**: 3.80 meters ***(3 chances)***<br>• **High Jump:** 1.10 meters ***(3 chances)*** | • <u>**1400 meters Walk and Run**</u> to be completed in **9 minutes.** ***(only 1 chance)***<br>• 10 Full Squats | • <u>**1400 meters Walk and Run**</u> to be completed in **12 minutes.** ***(only 1 chance)***<br>• 10 Full Squats | • <u>800 meters Race</u> to be completed in **4 minutes** ***(only 1 chance)***<br>• **Long Jump:** 3.00 meters ***(3 chances)***<br>• **High Jump:** 0.95 meters ***(3 chances)*** |

<u>**Note:**</u> **www.jobsinpunjab.in**

***<u>A candidate must qualify in all the above events. Failure to qualify in any one of the above events of Physical Screening Test shall disqualify the candidate from the recruitment process.</u>***

**Height Requirements**

- **Male Candidates**: 5'7″ (5 Feet & 7 inches)
- **Female Candidates:** 5'3″ (5 Feet & 3 inches)

**Physical Standard For Female Candidates:**

- 800-meter race to be completed in 04.00 minutes (Only 1 chance)
- High Jump: 0.95 meters (Only 3 chances)
- Long Jump: 3.00 meters (Only 3 chances)

**Physical Standard For Male Candidates:**

- 1600 meter race to be completed in 6.30 minutes (Only 1 chance)
- High Jump: 1.10 meter (Only 3 chances)
- Long Jump: 3.80 meters ( Only 3 chances)

**How To Apply:**

- First of all, candidates have to visit official website of Punjab Police at www.punjabpolice.gov.in
- Then visit the Punjab Police Recruitment 2018 notification Link (Not Updated Yet).
- Read the notification details carefully before apply online
- Now Click on Apply Online Link
- Enter all of your necessary details carefully in Application Form
- Now click on submit button
- Take a print out of hard copy of application form for further future use

***<u>Application Fees</u>***

***For Others categories Rs.400/-***
***For Sc/St/BC Rs.100/-***
***No Fee for Ex-Serviceme***

***<u>Dates</u>***

***Starting Date 18-1-2018***
***Last Date 22-2-2018***

# YOUR HEALTHIEST AND HAPPIEST YEAR EVER
# TIPS AND TRICS TO SUPERCHARGE YOUR LIFE

**1. Get your health checked:-** Start the year with an annual screening for diabetes and heart disease. It suggested by doctors.

A. Schedule blood tests to check level of HEMOGLOBIN, CHOLESTROL, BLOOD GLUCOSE, LIVER, KIDNEY and THYROID FUNCTION.

B. A Routine (ECG) Electrocardiography is essential for individuals over 40. Those with a family history of heart disease or other risk factors like diabetes and hypertension should get a PERIODIC TREADMILL test at least once every 2-3 years.

Harpreet Kaur Pelia
General secretary
98763-58250



C. Do not forget a dental and eye checkup.

D. Ladies, Do schedule an appointment with your GYNECOLOGIST.

**2. Secure The Heart:-** Cinnamon shields the body with its anti inflammatory properties. It is rich in manganese, which helps the body metabolize facts CARBOHYDRATES absorb CALCIUM and regulate blood sugar. Add pinch of cinnamon to tea or coffee or infuse it with water.

**3.Tackle Sugar:-** A kitchen staple, fenugreek seeds are abundant in PROTIEN, SOURABLE FIBRE and OMEGA-3,FATTY ACIDS. Fiber from these seeds reduces the absorption of GLUCOSE. Just 25g of fenugreek seeds in your diet can do the trick.

**4. Bask In Sunlight:-** Low level of VITAMIN D in expectant mothers has a negative impact on the



social and motor skill development of preschool children. Spend time outdoors and choose fortified milk and cereal. Do speck to your doctor if you need to supplement your diet.



**5. Tune In with Music:-** Listening to MUSIC enhances memory in ALZHEIMER'S and DEMENITA patients teens who listen to music, believe that it diminishes ethnic culture and age related boundaries between people.

**6. Discover Your Inner Child:-** Play enhances creativity and intelligence while letting in de-stress. A round of scrabble or Monopoly with friends and family will not help you bond but also keep your brain sharp.

**7. Make H2o Hero:-** It nourishes your skin, keeps your brain sharp and ensures your metabolism is high. A healthy person should have at leas5 1 to 1.5 liter of water daily through the day. Remembers long periods without fluid intake compromises memory and attention.

**8. Health With Yogurt:-** The benefits of gut friendly bacteria in yogurt go beyond immunity and digestion. Yogurt is rich in NUTRIENTS like PATASSIUM,MAGNESIUM,CALCIUM, BITAMIN B & 12.A Potent Combination of PROTIEN & CARBOHYDRATES, it is an ideal snack, post light exercise.

**9. Beet It:-** Beetroot is known to lower blood pressure and is excellent for digestion. Its high nitrate content helps increases blood flow to deoxygenated areas of the brain in senior citizens. "If you are diabetic do keep in mind beetroot's high sugar Content".

**10. Oils Well:-** Not all fats or oils are villains! Choose healthier one-OLIVE OIL,MUSTARD OIL, SOYA BEEN OIL AND SUN FLOWER OILS, packed with the goodness of OMEGA-3 and OMEGA-6 fatty acids, they boost heart and brain healthy. Stock your pantry with FLAXSEED Oil, also good for heart and the brain, have a tea spoon daily to make the of its anti inflammatory properties.

**11. Get Moving:-** Walk, Jog on Tread mill depending on ones fitness level. 20 minutes of moderate exercise protect against cardiovascular disease, diabetes, certain cancers and neurodegenerative conditions. While cardiovascular exercise can help build stamina maintain weight and reduce belly fat. Daily yoga improves flexibility, balance and calm the mind.


**12. Save More Money:-** Avoid impulse buys.

**13.Get Busy:-** Getting intimate often is linked is improve brain function in older adults. It ensures good sleep, better heart function and a strong immunity. Plus it counts as exercise.

**14. Green Zone It:-** Invite mother's nature indoors to breath life into your day. Living near or within green areas has a 30 percent positive impact on life satisfaction. Take the edge off daily stress with indoor plants such as ARECA, PALEM, RUBBER TREE, MONEY PLANT OR SNAKE PLANT.



# MATRIMONIAL



Suitable match for Lobana Boy D.O.B. 2-7-92. 6' doing M.D.S. (IIyr) oral & Maxillofacial surgery in Govt. Dental College, Father Doctor own Hospital. Mother Retd. Nursing Sister in Health Deptt. Elder Brother M.S. M.Ch. (Neuro Surgery). Sister M.B.B.S., M.S. (Obs & Gynae) married with M.S. M.Ch. (urology) Asst. Prof. Medical College) Family Having Rural & Urban property. Contact : 84273-72800, 98146-58701

* * * * *

Suitable match for Lobana Sikh Amritdhari Girl born on febuary 1991, 5'6", Fair Color, Master in IT (USA), Presentaly working in USA H1B, work permit, younger brother pursuing master degree in USA and parents are settled in Chandigarh . Required Amritdhari Lobana Sikh boy and well settled, preferably in USA. Contact No. - 098779-26343, e-mail- rv2092@gmail.com

* * * * *

Suitable match for Sharma girl born on May 7, 1990, Height – 5'4", Ghotar :- Gautam/Kaushal, BA, BEd, Med, MA English,UGC Net cleared CTET Cleared and HTET cleared , PhD pursuing. Contact after kundali matching. Serving an Assistant Professor in Mohali. Contact No.-99885-88123

* * * * *

Suitable match for Lobana girl, born August 1986, Height 5'6", 10+2, ITI (3 years), Fair Color, Working in private sector in Mohali, Widow (No Child), Required boy working in Govt./Private/ Business family.

Contact: - 97800-93687, 0172-2264384

* * * * *

Suitable match for Lobana Sikh girl January born January 1991, Height 5'3", B.Tec. CSF Deemed University Murthal MBA IIT Delhi Working as Sr. Manager in Amazone. Cont-94161-94525

* * * * *

Beautiful qualified match for Lubana Sikh boy 5'7", 8/90 born.Mech Engg ,MBA GND university, UGC qualified,pursuing PhD Punjabi University,

working Assistant Professor. Contact no 9646116016

* * * * *

Suitable Professionally qualified tall, salim match for Lubana Sikh Turbaned boy, 5’ 10”, Oct 1988 born, B Tech (MET) from Canada's leading University & Permanent Resident. Working in profession and belongs to well educated family. Seeking B Tech/M Tech, MCA, Msc (IT/CS) girl from similar family and background. Contact 8360616696, 8054957495

* * * * *

Suitable match for lobana Sikh boy age 25years height 5'10", B.tech salary 20-24 lac p.a Required beautiful lobana girl, height 5'3" well educated contact no:- 9466822688

* * * * *

Suitble match for Beautiful Sikh Lobana Canadian Citizen Girl, 27/5'4”/B.Pharma, Licencused in Canada, Ecellent job Family settled in Bramton for last 10 years.Father Retd. Professor Teetotaller IT/Pharmacist Health Professional preferred. Emil Id:- ravinder63@hotmail.com,Contact no-98765-21162

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ!**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 6-01-2018 ਤੋਂ 20-01-2018

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ਼੍ਰੀਮਤੀ ਰਣਜੀਤ ਕੌਰ ਯੂ.ਐਸ.ਏ | 5000/- | ਐਚ-9409 | 04-12-2017 |
| 1. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16, ਪੰਚਕੂਲਾ | 1000/- | ਐਚ-9433 | 06-01-2018 |
| 2. | ਸ. ਹਰਜੀਤ ਸਿੰਘ<br>ਪੁੱਤਰ ਸ. ਪ੍ਰਸ਼ਨ ਸਿੰਘ ਮਕਾਨ ਨੰ-271/ਏ<br>ਦਿਲਬਾਗ ਨਗਰ ਬਸਤੀ ਗੁੰਜਾਂ, ਜਲੰਧਰ | 5100/- | ਐਚ-9435 | 12-01-2018 |
| 3. | ਸ. ਕੁਲਬੀਰ ਸਿੰਘ<br>ਪੁੱਤਰ ਸ. ਮੇਲਾ ਸਿੰਘ, ਮਕਾਨ ਨੰ-590, ਫੇਸ-1, ਮੋਹਾਲੀ | 100/- | ਐਚ-9436 | 13-01-2018 |
| 4. | ਪੰਡਿਤ ਰਾਮ ਕੁਮਾਰ<br>ਕੰਟੀਨ-ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ | 500/- | ਐਚ-9437 | 14-01-2018 |
| 5. | ਲੈਕ. ਸ. ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ | 200/- | ਐਚ-9438 | 14-01-2018 |
| 6. | ਸ. ਰਵਿੰਦਰ ਸਿੰਘ<br>ਮਕਾਨ ਨੰ-2092, ਸੈਕਟਰ-45 ਸੀ, ਚੰਡੀਗੜ੍ਹ | 200/- | ਐਚ-9439 | 14-01-2018 |
| 7. | ਸ. ਹਰੀ ਸਿੰਘ<br>ਮਕਾਨ ਨੰ-33, ਫੇਸ-11, ਮੋਹਾਲੀ | 200/- | ਐਚ-9433 | 14-01-2018 |
| 8. | ਕਰਨਲ ਟੀ.ਬੀ.ਐਸ. ਬੇਦੀ<br>ਮਕਾਨ ਨੰ-1630, ਫੇਸ-9, ਮੋਹਾਲੀ | 500/- | ਐਚ-9441 | 14-01-2018 |
| 9. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ-30ਏ, ਚੰਡੀਗੜ੍ਹ<br>ਮਕਾਨ ਨੰ-1838, ਫੇਸ-7, ਐਸ.ਏ.ਐਸ. ਨਗਰ (ਮੋਹਾਲੀ) | 500/- | ਐਚ-9442 | 14-01-2018 |

| | | | | |
|---|---|---|---|---|
| 10. | ਸ.ਗੁਰਬਚਨ ਸਿੰਘ<br>ਮਕਾਨ.ਨੰ-2802/2,ਸੈਕਟਰ-47-ਸੀ,ਚੰਡੀਗੜ੍ਹ | 100/- | ਐਚ-9443 | 14-01-2018 |
| 11. | ਸ.ਸੁਰਿੰਦਰ ਸਿੰਘ<br>ਮਕਾਨ.ਨੰ-3041,ਸੈਕਟਰ-47,ਚੰਡੀਗੜ੍ਹ | 200/- | ਐਚ-9444 | 14-01-2018 |
| 12. | ਸ.ਅਮਰਜੀਤ ਸਿੰਘ,<br>ਮਕਾਨ ਨੰ-42,ਸੈਕਟਰ-16,ਚੰਡੀਗੜ੍ਹ | 500/- | ਐਚ-9445 | 14-01-2018 |
| 13. | ਸ.ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ-42,ਸੈਕਟਰ-16,ਚੰਡੀਗੜ੍ਹ | 500/ | ਐਚ-9446 | 14-01-2018 |
| 14. | ਸ.ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ,ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਮਕਾਨ ਨੰ-11,ਸੰਗਮ ਇਨਕਲੇਵ,ਸੈਕਟਰ-48-ਏ,ਚੰਡੀਗੜ੍ਹ | 200/- | ਐਚ-9447 | 14-01-2018 |
| 15. | ਸ.ਨਰਿੰਦਰ ਸਿੰਘ ਡੀ.ਪੀ.ਆਈ.ਐਜੂ.(ਰਿਟਾ.)<br>ਮਕਾਨ ਨੰ-7113,ਸੈਕਟਰ-125,ਮੋਹਾਲੀ | 500/- | ਐਚ-9448 | 14-01-2018 |
| 16. | ਸ.ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ-1005,ਸੈਕਟਰ-71,ਮੋਹਾਲੀ | 500/- | ਐਚ-9449 | 14-01-2018 |
| 17. | ਸ.ਪ੍ਰੀਤਮ ਸਿੰਘ ਭੋਪਾਲ | 100/- | ਐਚ-9450 | 14-01-2018 |
| 18. | ਸ.ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ-416,ਸੈਕਟਰ-45-ਏ,ਚੰਡੀਗੜ੍ਹ | 100/- | ਐਚ-9868 | 14-01-2018 |
| 19. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ,ਬਾਬਾ ਮੱਖਣ ਸ਼ਾਹ ਲੁਬਾਣਾ<br>ਫਾਉਂਡੇਸ਼ਨ,ਸੈਕਟਰ-30-ਏ,ਚੰਡੀਗੜ੍ਹ<br>ਮਕਾਨ ਨੰ-2218,ਸੈਕਟਰ-38-ਸੀ,ਚੰਡੀਗੜ੍ਹ | 1100/- | ਐਚ-9869 | 14-01-2018 |
| 20. | ਸ.ਨਿਰਮਲ ਸਿੰਘ<br>ਮੈਨਟੇਨੈਂਸ ਸਕੱਤਰ,ਬਾਬਾ ਮੱਖਣ ਸ਼ਾਹ ਲੁਬਾਣਾ<br>ਫਾਉਂਡੇਸ਼ਨ,ਸੈਕਟਰ-30-ਏ,ਚੰਡੀਗੜ੍ਹ<br>ਮਕਾਨ ਨੰ-2354,ਫੇਸ-10,ਮੋਹਾਲੀ | 200/- | ਐਚ-9870 | 14-01-2018 |
| 21. | ਚਰਨਜੀਤ ਸਿੰਘ<br>ਐਚ.ਐਲ.600,ਫੇਸ-9,ਮੋਹਾਲੀ | 200/- | ਐਚ-9871 | 14-01-2018 |

| | | | | |
|---|---|---|---|---|
| 22. | ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ-1005, ਸੈਕਟਰ-71, ਮੋਹਾਲੀ | 3100/- | ਐਚ-9872 | 14-01-2018 |
| 23. | ਸ. ਸੁਰਿੰਦਰ ਸਿੰਘ<br>ਮਕਾਨ ਨੰ-527, ਫੇਸ-10, ਮੋਹਾਲੀ<br>(ਆਪਣੇ ਪਿਤਾ ਇੰਸਪੈਕਟਰ ਸ. ਮੁਖਤਿਆਰ ਸਿੰਘ ਜੀ ਦੀ ਅੰਤਿਮ ਅਰਦਾਸ ਤੇ ਭਵਨ ਨੂੰ ਦਾਨ ਦਿੱਤੇ) | 2100/- | ਐਚ-9873 | 20-01-2018 |

## 2018 ਮੁਬਾਰਕ



R.S. Terkiana

ਵੀਹ ਸੌ ਸਤਾਰਾਂ ਦੀ ਤਾਂ ਮਿੱਤਰੋਂ ਖ਼ਤਮ ਹੋਈ ਮੁਨਿਆਦ
ਵਕਤ ਨੇ ਵੀਹ ਸੌ ਅਠਾਰਾਂ ਦੀ ਹੁਣ ਰੱਖ ਦਿੱਤੀ ਬੁਨਿਆਦ
ਹਰ ਇੱਕ ਘਟਨਾ ਪਿਛਲੇ ਵਰ੍ਹੇ ਦੀ ਆ ਰਹੀ ਮੈਨੂੰ ਯਾਦ
ਕੁੱਝ ਦਾ ਹੀ ਮੈਂ ਜ਼ਿਕਰ ਕਰਾਂਗਾ ਉਂਝ ਹੈ ਬਹੁਤ ਤਾਦਾਦ

ਇੱਕੋ ਚਿੱਠੀ ਨੇ ਕਰ ਦਿੱਤਾ ਰਾਮ ਰਹੀਮ ਬਰਬਾਦ
ਵਕਤ ਕਿਸੇ ਨੂੰ ਮੁਆਫ਼ ਨਹੀਂ ਕਰਦਾ ਇਹ ਗੱਲ ਰੱਖੋ ਯਾਦ
ਡੇਰਾ ਪ੍ਰੇਮੀਆਂ ਨੇ ਕਰ ਦਿੱਤਾ ਕਈ ਜਗ੍ਹਾ ਹੰਗਾਮਾ
ਹਨੀਪ੍ਰੀਤ ਦਾ ਚੈਨਲਾਂ ਉੱਤੇ ਚਲਦਾ ਰਿਹਾ ਡਰਾਮਾ

ਹਾਈਕੋਰਟ ਨੇ ਇਸ ਸਾਲ ਦਿੱਤੇ ਫ਼ੈਸਲੇ ਕਈ ਮਿਸਾਲੀ
ਜੁਡੀਸ਼ਰੀ ਨੇ ਵੀ ਲੋਕ-ਹਿੱਤਾਂ ਦੀ ਕੀਤੀ ਹੈ ਰਖਵਾਲੀ
ਜਿਵੇਂ ਬਾਦਲਾਂ ਨੇ ਕੀਤੀ ਹੈ ਸੂਬੇ ਦੀ ਬਦਹਾਲੀ
ਇਹਨਾਂ ਨੂੰ ਦੇਖ ਕੇ ਚੇਤੇ ਆਉਂਦਾ ਅਹਿਮਦ ਸ਼ਾਹ ਅਬਦਾਲੀ

ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਲਈ ਕੌਣ ਹੈ ਜ਼ਿੰਮੇਵਾਰ
ਐਕਸੀਡੈਂਟਾਂ ਨਾਲ ਵੀ ਹੁੰਦੇ ਭਰੇ ਪਏ ਅਖ਼ਬਾਰ
ਅਕਾਲੀਆਂ ਅਤੇ ਕਾਂਗਰਸੀਆਂ ਦੀ ਇੱਕੋ ਜਿਹੀ ਸਰਕਾਰ
ਮੈਨੂੰ ਤਾਂ ਕੋਈ ਫ਼ਰਕ ਨਹੀਂ ਲਗਦਾ ਦੋਵਾਂ ਦੇ ਵਿਚਕਾਰ

ਆਮ ਆਦਮੀ ਨੂੰ ਇਸ ਗੱਲ ਦਾ ਜਾਊਗਾ ਕੀ ਪੈਗ਼ਾਮ
ਨਸ਼ਾ ਤਸਕਰਾਂ ਵਿੱਚ ਜੇ ਆਇਆ ਖਹਿਰੇ ਦਾ ਵੀ ਨਾਮ
ਕਿਹੜੀ ਉਮਰੇ ਆ ਕੇ ਕੀਤਾ ਉਸ ਨੇ ਜਬਰ-ਜ਼ਨਾਹ
ਜੇਲ੍ਹਾਂ ਵਿੱਚ ਹੁਣ ਧੱਕੇ ਖਾਂਦਾ ਸੁੱਚਾ ਸਿੰਘ ਲੰਗਾਹ

ਨੌਜਵਾਨਾਂ ਨੂੰ ਨਹੀਂ ਮਿਲ ਰਿਹਾ ਮੁਲਕ ਦੇ ਵਿੱਚ ਰੁਜ਼ਗਾਰ
ਟਰੈਵਲ ਏਜੰਟਾਂ ਦੀ ਹੈ ਦਿਨ ਰਾਤ ਟੀ.ਵੀ. 'ਤੇ ਭਰਮਾਰ
ਕੀ ਕਾਲਾ ਧਨ ਖ਼ਤਮ ਹੋ ਗਿਆ ਨੋਟ-ਬੰਦੀ ਤੋਂ ਬਾਅਦ
ਹੁਣ ਵੰਡ ਦਿੱਤਾ ਬੀ.ਜੇ.ਪੀ. ਨੇ ਜੀ.ਐੱਸ.ਟੀ. ਪ੍ਰਸ਼ਾਦ

ਨੋਟ-ਬੰਦੀ ਤੇ ਜੀ.ਐੱਸ.ਟੀ. ਨੂੰ ਕਿੱਡੀ ਛੇਤੀ ਭੁੱਲ ਗਏ
ਗੁਜਰਾਤ ਅਤੇ ਹਿਮਾਚਲ ਵਿੱਚ ਮੋਦੀ ਦੇ ਝੰਡੇ ਝੁੱਲ ਗਏ
ਜਿਹੜਾ ਆਉਂਦਾ ਆ ਕੇ ਕਰਦਾ ਲੋਕਾਂ ਨਾਲ ਚਲਾਕੀ
ਲਗਭਗ ਸਾਰੇ ਪਰਖ਼ੇ ਗਏ ਹੁਣ ਰਹਿ ਗਿਆ ਕਿਹੜਾ ਬਾਕੀ

ਸਾਧਾਂ, ਸੰਤਾਂ, ਬਾਬਿਆਂ ਦੀ ਹੈ ਵਧ ਗਈ ਬਹੁਤ ਤਾਦਾਦ
ਅੰਦਰ ਖਾਤੇ ਨੇਤਾ ਕਰਦੇ ਡੇਰਿਆਂ ਦੀ ਇਮਦਾਦ
ਯੂ.ਪੀ. ਦੇ ਵਿੱਚ ਜਦੋਂ ਦੀ ਆਈ ਯੋਗੀ ਦੀ ਸਰਕਾਰ
ਮੰਦਿਰ-ਮਸਜਿਦ ਦੇ ਮੁੱਦੇ ਨੇ ਫਿਰ ਤੋਂ ਫੜੀ ਰਫ਼ਤਾਰ

ਬੇ-ਵਿਸ਼ਵਾਸ਼ੀ ਦੇ ਆਲਮ ਵਿੱਚ ਕੌਣ ਕਿਸੇ ਦਾ ਸਾਥੀ
ਕਿਹੜੀ ਦਲਦਲ ਦੇ ਵਿੱਚ ਫੱਸ ਗਿਆ ਮਾਇਆਵਤੀ ਦਾ ਹਾਥੀ

ਆਖ਼ਰੀ ਉਮਰੇ ਰਾਜਨੀਤੀ ਵਿੱਚ ਮੁੱਲ ਨਹੀਂ ਪਿਆ ਦੁਆਨੀ
ਬੀ.ਜੇ.ਪੀ. ਨੇ ਖੂੰਜੇ ਲਾਇਆ ਲਾਲ ਕ੍ਰਿਸ਼ਨ ਅਡਵਾਨੀ
ਅਮਿਤ ਸ਼ਾਹ ਹੈ ਬੀ.ਜੇ.ਪੀ. ਕੋਲ ਰਾਜਨੀਤਕ ਭਲਵਾਨ
ਪਰਿਵਾਰ ਵਾਦ ਦੇ ਕਾਰਣ ਬਣਿਆ ਰਾਹੁਲ ਹੁਣ ਪ੍ਰਧਾਨ

ਪਦਮਾਵਤੀ ਫ਼ਿਲਮ ਦਾ ਚਲਿਆ ਬੇਲੋੜਾ ਵਿਵਾਦ
ਫ਼ਿਲਮ ਦੇਖੇ ਬਿਨਾਂ ਇਕ ਤਬਕਾ ਤੁਲਿਆ ਕਰਨ ਫ਼ਸਾਦ
ਆਰ.ਐੱਸ.ਐੱਸ. ਹੀ ਚੁੱਕੀ ਫਿਰਦੀ ਬੀ.ਜੇ.ਪੀ. ਨੂੰ ਗੋਦੀ
ਸੰਘ-ਪਰਿਵਾਰ ਦੇ ਸਿਰ 'ਤੇ ਛਾਲਾਂ ਮਾਰ ਰਿਹਾ ਹੈ ਮੋਦੀ

ਬੀ.ਜੇ.ਪੀ. ਨੂੰ ਚੋਣਾਂ ਵਿੱਚ ਜੇ ਧੋਖੇ ਨਾਲ ਜਿਤਾਇਆ
ਈ.ਵੀ.ਐੱਮ ਮਸ਼ੀਨਾਂ ਨੇ ਫਿਰ ਧੂਮਲ ਕਿਵੇਂ ਹਰਾਇਆ
ਟੂ ਜੀ ਸਪੈਕਟਰਮ ਘੁਟਾਲੇ ਦੇ ਵਿੱਚ ਕਿਸ ਨੂੰ ਮੰਨੀਏ ਦੋਸ਼ੀ
ਇਹ ਵੀ ਇਕ ਡਰਾਮਾ ਹੀ ਸੀ ਦੇਖ ਕੇ ਹੋਈ ਨਮੋਸ਼ੀ

ਲੋਕਤੰਤਰ ਬੇਵਸ ਹੋ ਗਿਆ ਸਿਰ ਤੋਂ ਲੰਘ ਗਿਆ ਪਾਣੀ
ਚੱਕਰਵਿਊ ਵਿੱਚ ਜਨਤਾ ਫੱਸ ਗਈ ਉਲਝੀ ਪਈ ਹੈ ਤਾਣੀ
ਸੱਤਰ ਸਾਲ ਪਹਿਲਾਂ ਹੋਏ ਹਿੰਦ ਤੇ ਪਾਕ ਅਜ਼ਾਦ
ਕਸ਼ਮੀਰ ਦੀਆਂ ਸਰਹੱਦਾਂ ਦਾ ਅਜੇ ਵੀ ਖੜ੍ਹਾ ਵਿਵਾਦ

ਕਿਮ-ਜਾਂਗ ਦੇ ਸਿਰ ਨੂੰ ਚੜ੍ਹਿਆ ਤਾਨਾਸ਼ਾਹੀ ਫ਼ਤੂਰ
ਅਮਰੀਕਾ ਨੂੰ ਜੰਗ ਕਰਨ ਲਈ ਕਰ ਰਿਹਾ ਉਹ ਮਜਬੂਰ
ਹਰ ਇੱਕ ਬੰਦਾ ਆਪਣੇ ਆਪ ਨੂੰ ਸਮਝ ਰਿਹਾ ਉਸਤਾਦ
ਕਿਸ ਨੂੰ ਜ਼ਿੰਦਾਬਾਦ ਆਖੀਏ ਕਿਸ ਨੂੰ ਮੁਰਦਾਬਾਦ

ਦੋ ਨੰਬਰ ਦੇ ਧੰਦੇ ਕਰ-ਕਰ ਬਣਦੇ ਕਈ ਅਮੀਰ
ਵਧੀਆ ਬੰਦਾ ਓਹੀ ਹੁੰਦਾ ਜਿਸ ਕੋਲ ਹੋਏ ਜ਼ਮੀਰ
ਇਸ ਕਾਰਡ ਵਿੱਚ ਲਿਖ ਦਿੱਤੀਆਂ ਕੁੱਝ ਚੋਣਵੀਆਂ ਘਟਨਾਵਾਂ
ਨਵੇਂ ਵਰ੍ਹੇ ਤੇ ਭੇਜ ਰਿਹਾ ਹਾਂ ਤੁਹਾਨੂੰ ਸ਼ੁੱਭ ਇੱਛਾਵਾਂ

'ਟੇਰਕਿਆਨਾ' ਕਰਨਾ ਪਵੇਗਾ ਹਰ ਇਕ ਨੂੰ ਹੁਣ ਚਿੰਤਨ
ਤਾਈਉਂ ਆ ਸਕਦਾ ਹੈ ਸਾਡੇ ਜੀਵਨ ਵਿੱਚ ਪਰਿਵਰਤਨ

**ਸ਼ੁੱਭ -ਇੱਛਾਵਾਂ**

ਵੱਲੋਂ :-

Raghbir Singh Terkiana
Advocate
673, New Model Town,
Hoshiarpur (Pb.)

ਮੋਬਾਇਲ ਫੋਨ : 98141-73402

ਰਘਵੀਰ ਸਿੰਘ ਟੇਰਕਿਆਨਾ
ਐਡਵੋਕੇਟ
ਜ਼ਿਲ੍ਹਾ ਕਚਹਿਰੀ -ਹੁਸ਼ਿਆਰਪੁਰ

E-mail: raghbirterkiana@yahoo.co.in

P.T.O

RD 524

# ਫ਼੍ਰੀ ਕੋਚਿੰਗ ਸੈਂਟਰ ਸੰਤ ਪ੍ਰੇਮ ਸਿੰਘ ਕਰਮਸਰ ਖ਼ਾਲਸਾ ਕਾਲਜ ਬੇਗੋਵਾਲ ਵਿਖੇ ਖੋਲ੍ਹਣ ਸੰਬੰਧੀ ਕਮੇਟੀ ਬਣੀ




ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਮਿਤੀ 23-12-2017 ਨੂੰ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਜਲੰਧਰ ਵਿਖੇ ਹੋਈ ਸੀ ਜਿਸ ਵਿਚ ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ ਵਿਖੇ ਕੋਚਿੰਗ ਸੈਂਟਰ ਖੋਲਣ ਲਈ ਫੈਸਲਾ ਲਿਆ ਗਿਆ ਸੀ। ਇਸ ਸਬੰਧ ਵਿਚ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.) ਚੰਡੀਗੜ੍ਹ ਨੇ ਨੋਟੀਫਿਕੇਸ਼ਨ ਮਿਤੀ-25-12-2017 ਰਾਹੀਂ ਕਮੇਟੀ ਫਾਰਮ ਕੀਤੀ ਸੀ। ਜਿਸ ਵਿਚ ਸ. ਜਗੀਰ ਸਿੰਘ ਲਾਲੀਆ ਚੇਅਰਮੈਨ, ਸ. ਹਰਜੀਤ ਸਿੰਘ ਯੂ.ਐਸ.ਏ. ਕਨਵੀਨਰ, ਸ. ਪ੍ਰੀਤਮ ਸਿੰਘ ਸਿਕਰੀ, ਸ. ਸੂਰਤ ਸਿੰਘ, ਸ. ਪ੍ਰੀਤਮ ਸਿੰਘ ਨਾਰੰਗਪੁਰ, ਸ. ਟਹਿਲ ਸਿੰਘ, ਸ. ਜਸਵਿੰਦਰ ਸਿੰਘ ਬਿੱਲਾ, ਸ. ਜੋਗਿੰਦਰ ਸਿੰਘ ਅਜੈਬ, ਸ. ਅਵਤਾਰ ਸਿੰਘ ਡੀ.ਐਸ.ਪੀ. ਅਤੇ ਸ. ਜਸਵੰਤ ਸਿੰਘ ਫਰਾਂਸ ਸਾਰੇ ਮੈਂਬਰ ਬਣਾਏ ਗਏ ਸਨ। ਸ. ਹਰਜੀਤ ਸਿੰਘ ਯੂ.ਐਸ.ਏ. ਦੀ ਪ੍ਰਧਾਨਗੀ ਹੇਠ ਬੇਗੋਵਾਲ ਵਿਖੇ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਕਨਵੀਨਰ ਸਮੇਤ 9 ਮੈਂਬਰ ਸ਼ਾਮਿਲ ਹੋਏ।

ਸ. ਹਰਜੀਤ ਸਿੰਘ ਯੂ.ਐਸ.ਏ. ਕਨਵੀਨਰ ਨੇ ਇਹ ਜ਼ਿੰਮੇਵਾਰੀ ਆਪਣੇ ਰੁਝੇਵੇਂ ਹੋਣ ਕਰਕੇ ਸੰਭਾਲਣ ਵਿਚ ਅਸਮਰਥਾ ਪ੍ਰਗਟਾਈ। ਉੱਥੇ ਸਮੂਹ ਹਾਜ਼ਰ ਮੈਂਬਰਾਂ ਨੇ ਉਹਨਾਂ ਦੀ ਬੇਨਤੀ ਸਵੀਕਾਰ ਕਰਦੇ ਹੋਏ ਸ. ਜੋਗਿੰਦਰ ਸਿੰਘ ਅਜੈਬ (ਰਿਟਾ. ਲੈਕਚਰਾਰ) ਨੂੰ ਸਰਬਸੰਮਤੀ ਨਾਲ ਕਨਵੀਨਰ ਬਣਾਉਣ ਦਾ ਫੈਸਲਾ ਕੀਤਾ ਅਤੇ ਕੁਝ ਨਵੇਂ ਮੈਂਬਰ ਬਣਾਉਣ, ਬਦਲਣ ਵਾਸਤੇ ਵੀ ਮਤਾ ਪਾਸ ਕੀਤਾ ਗਿਆ ਜਿਸ ਦੀ ਨੋਟੀਫਿਕੇਸ਼ਨ ਅਜੇ ਹੈਡਕੁਆਟਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਤੋਂ ਜਾਰੀ ਕੀਤੀ ਜਾਣੀ ਹੈ। ਸਮੂਹ ਹਾਜ਼ਰ ਮੈਂਬਰਾਂ ਨੇ ਕੋਚਿੰਗ ਸੈਂਟਰ ਲਈ ਕਾਲਜ ਵੱਲੋਂ ਦਿੱਤੀ ਗਈ ਬਿਲਡਿੰਗ ਅਤੇ ਗਰਾਊਂਡ ਦਾ ਮੁਆਇਨਾ ਕੀਤਾ ਅਤੇ ਇਸ ਸਬੰਧੀ ਕੁਝ ਮੈਨਟੇਂਨੈਸ ਦੀ ਜ਼ਰੂਰਤ ਸਬੰਧੀ ਹੈਡਕੁਆਟਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਨੂੰ ਸੂਚਿਤ ਕੀਤਾ ਜਾਵੇਗਾ। ਨਵੀਂ ਕਮੇਟੀ ਦੀ ਨੋਟੀਫਿਕੇਸ਼ਨ ਜਲਦੀ ਹੀ ਜਾਰੀ ਕਰ ਦਿੱਤੀ ਜਾਵੇਗੀ।

**ਜੋਗਿੰਦਰ ਸਿੰਘ ਅਜੈਬ**

Regd No. 32212/78 Postal No.-- CHD/0111/2015-17

# Working Committee Meeting held on 27-01-2018





ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਧੀਆਂ ਦੀ ਲੋਹੜੀ ਮਨਾਈ ਗਈ